ਵਰਿਆਮ

ਤੇਈਵਾਂ ਸਾਲ

ਦਸੰਬਰ ੨੦੧੦



ਕਲਿ ਤਾਰਣ ਗੁਰੂ ਨਾਨਕ ਆਇਆ

—ਭਾਈ ਗੁਰਦਾਸ ਜੀ

20/-



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਸੂ ਦੇ ਮੇਲੇ (ਸਾਲਾਨਾ ਜੱਪ ਪ੍ਰਯੋਗ)
ਸ੍ਰੀ ਭੈਣੀ ਸਾਹਿਬ ਵਿਖੇ ਸੰਗਤਾਂ ਨੂੰ ਦਰਸ਼ਨਾਂ ਨਾਲ ਕ੍ਰਿਤਾਰਥ ਕਰਦੇ ਹੋਏ।



ਨਾਮਧਾਰੀ ਜਗਤ ਦੇ ਉਚ ਦੁਮਾਲੜੇ ਵਿਦਵਾਨ ਸਵ: ਜਥੇਦਾਰ ਗਿਆਨ ਸਿੰਘ ਵੀਰੋਕੇ ਜੀ ਨੂੰ 'ਪੰਥ ਰਤਨ' ਦੀ ਉੱਚ ਉਪਾਧੀ ਨਾਲ ਅੱਸੂ ਦੇ ਮੇਲੇ ਤੇ ਸਨਮਾਨਤ ਕੀਤਾ ਗਿਆ। ਸਤਿਕਾਰਤ ਸ੍ਰੀ ਉਦੈ ਸਿੰਘ ਜੀ ਤੋਂ ਇਹ ਸਨਮਾਨ ਪ੍ਰਾਪਤ ਕਰਦੇ ਹੋਏ ਜਥੇਦਾਰ ਜੀ ਦੇ ਘਰੋਂ ਮਾਤਾ ਜੀ, ਉਹਨਾਂ ਦੇ ਸਪੁੱਤਰ ਜਥੇਦਾਰ ਗੁਰਬਚਨ ਸਿੰਘ ਜੀ ਅਤੇ ਪਰਿਵਾਰ ਦੇ ਹੋਰ ਜੀਅ।

ਵਰਿਆਮ

ਨਵੰਬਰ -੨੦੧੦

ਜਿਲਦ-੩੬

ਅੰਕ- ੨

ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

email: wariammonthly@gmail.com

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਜੇ ਕੋ ਆਖੈ ਬੋਲੁ ਵਿਗਾੜੁ

ਇਕ ਖਬਰ ਹੈ ਕਿ ਭਾਰਤ ਵਿਚ ਰੋਜ਼ਾਨਾ, ਗਲਾਂ ਤੇ ਹੀ ੫੪੯ ਕਰੋੜ ਰੁਪਏ ਖਰਚ ਹੋ ਜਾਂਦੇ ਹਨ। ਬੜੇ ਵੱਡੇ-ਵੱਡੇ ਨਾਂਅ ਵਾਲੇ ਲੀਡਰਾਂ ਦੀਆਂ ਗੱਲਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਇਹਨਾਂ ਗੱਲਾਂ ਨਾਲ ਅਖਬਾਰ ਤਾਂ ਹੀ ਸੁਆਦੀ ਬਣਦੀ ਹੈ ਜੇ ਇਹ ਕਿਸੇ ਦੇ ਵਿਰੁਧ ਕਹੀਆਂ ਗਈਆਂ ਹੋਣ। ਖਾਸ ਕਰਕੇ ਕਿਸੇ ਨਾਮਣੇ ਵਾਲੇ ਬੰਦੇ ਦੇ ਵਿਰੁਧ ਨਾਮਣੇ ਵਾਲੇ ਬੰਦੇ ਵਲੋਂ ਹੀ ਹੋਣ। ਜੇ ਅਖਬਾਰਾਂ ਵਿਚ ਇਹ ਕਟੂ ਬਿਆਨ ਨਾ ਛਪਣ ਤਾਂ ਸ਼ਾਇਦ ਅਖਬਾਰਾਂ ਛਪਣੀਆਂ ਹੀ ਬੰਦ ਹੋ ਜਾਣ। ਪਿਛੇ ਜਿਹੇ ਜੰਤਾ ਯੂ. ਦੇ ਨੇਤਾ ਸ਼ਰਦ ਯਾਦਵ ਨੇ ਕਿਹਾ ਰਾਹੁਲ ਗਾਂਧੀ ਨੂੰ ਗੰਗਾ 'ਚ ਸੁੱਟ ਦੇਣਾ ਚਾਹੀਦਾ ਹੈ। ਇਸ ਖਬਰ ਨੇ ਕਾਫੀ ਸਨਸਨੀ ਫੈਲਾਈ। ਨੇਤਾ ਸਮਝਦੇ ਹਨ ਕਿ ਉਹਨਾਂ ਵਡੀ ਗੱਲ ਕੀਤੀ ਹੈ ਤੇ ਬਹੁਤ ਦੂਰ ਤਕ ਇਸ ਦਾ ਚਰਚਾ ਹੋਇਆ ਹੈ। ਰਾਸ਼ਟਰੀ ਸਵੈ ਸੇਵਕ ਸੰਘ ਇਕ ਐਸੀ ਜਮਾਤ ਹੈ ਜੋ ਭਾਰਤੀ ਪਰੰਪਰਾ, ਸੰਸਕ੍ਰਤੀ, ਨੈਤਕਤਾ ਅਤੇ ਧਰਮ ਦੀ ਗਲ ਬਹੁਤ ਜ਼ੋਰ ਸ਼ੋਰ ਨਾਲ ਕਰਦੀ ਹੈ। ਪਰ ਇਸ ਦੇ ਇਕ ਸਾਬਕਾ ਮੁਖੀ ਕੇ ਸੁਦਰਸ਼ਨ ਨੇ ਸੋਨੀਆ ਗਾਂਧੀ ਵਿਰੁੱਧ ਐਸੀ ਜ਼ੁਬਾਨ ਵਰਤੀ ਕਿ ਸਭ ਹੈਰਾਨ ਰਹਿ ਗਏ। ਵਿਦੇਸ਼ੀ ਏਜੰਟ ਵਰਗੀਆਂ ਸਿਆਸੀ ਦੂਸ਼ਣ ਬਾਜ਼ੀਆਂ ਤੋਂ ਅਗੇ ਜਾ ਕੇ ਉਹਨਾਂ ਸੋਨੀਆ ਗਾਂਧੀ ਦੇ ਪਰਿਵਾਰਕ ਜੀਵਨ ਤੇ ਟਿਪਣੀਆਂ ਕਰਦਿਆਂ ਨੀਵੀਂ ਪੱਧਰ ਦੀ ਭਾਸ਼ਾ ਵਰਤੀ। ਓਹਨਾਂ ਸੋਨੀਆ ਨੂੰ ਝੂਠੀ ਮਕਾਰ ਸਿਧ ਕਰਨ ਲਈ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਕਤਲ ਨਾਲ ਵੀ ਲਪੇਟਿਆ। ਉਹਨਾਂ ਦੇ ਇਸ ਬਿਆਨ ਕਾਰਨ ਆਰ. ਐਸ. ਐਸ ਦੇ ਲੀਡਰਾਂ ਨੂੰ ਖੁਦ ਆਪ ਖੇਦ ਪਰਗਟ ਕਰਨ ਦੇ ਨਾਲ ਆਪਣੇ ਵਲੋਂ ਇਸ ਬਿਆਨ ਤੋਂ ਨਾਤਾ ਤੋੜਨਾ ਪਿਆ। ਜਦੋਂ ਨੇਤਾ ਵੇਗ ਵਿਚ ਹੁੰਦੇ ਹਨ ਤਾਂ ਓਹ ਸਮਝਦੇ ਹਨ ਕਿ ਓਹ ਖੁਦਾ ਹਨ। ਪਰ ਖੁਦਾ ਤਾਂ ਅਜਿਹੀ ਗੱਲ ਨਹੀਂ ਕਰਦਾ। ਇਸ ਸੰਸਾਰ ਵਿਚ ਕਈ ਲੋਗ ਆਏ ਵਡੇ ਵਡੇ ਵੀ

"ਜਿਨ ਕੀ ਨੌਬਤ ਕੀ ਸਦਾ ਸੇ ਗੂੰਜਤੇ ਥੇ ਆਸਮਾਨ ਦਮ ਬਖੁਦ ਹੈਂ ਮਕਬਰੋਂ ਮੇਂ ਹੂੰ ਨਾ ਹਾਂ ਕੁਛ ਭੀ ਨਹੀਂ"

ਸਹੀ ਨੇਤਾ ਤਾਂ ਉਹ ਹੁੰਦਾ ਹੈ ਜੋ ਘੱਟ ਬੋਲੇ, ਮਾੜਾ ਤਾਂ ਬਿਲਕੁਲ ਨਾ ਬੋਲੇ। ਓਹਦਾ ਕੰਮ ਖੁਦ ਆਪ ਬੋਲੇਗਾ। ਅਤੇ ਲੋਕ ਅਸਰ ਵੀ ਕਬੂਲਣਗੇ। ਸ. ਮਨਮੋਹਨ ਸਿੰਘ ਸੋਨੀਆ ਗਾਂਧੀ ਤੇ ਕੁਝ ਹੋਰ ਨੇਤਾ ਇਸਦੀ ਮਿਸਾਲ ਵੀ ਹਨ। ਵਿਗਾੜ ਕੇ ਬੋਲਣ ਵਾਲੇ ਨੂੰ ਬਾਬਾ ਜੀ ਗੁਰੂ ਨਾਨਕ ਦੇਵ ਜੀ ਨੇ ਗਵਾਰਾਂ 'ਚੋਂ ਵੱਡਾ ਗਵਾਰ ਲਿਖਿਆ ਹੈ :-

"ਜੇ ਕੋ ਆਖੈ ਬੋਲ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ"

ਬਰਮਾ ਦੀ ਵੀਰਾਂਗਣਾ ਸੂ ਕੀ ਦੀ ਰਿਹਾਈ

ਕਿਸੇ ਸਮੇਂ ਭਾਰਤ ਲੰਕਾ ਤੇ ਬਰਮਾ ਅੰਗਰੇਜ਼ ਸ਼ਾਸਨ ਅਧੀਨ ਇਕੋ ਜਿਹਾ ਖਿੱਤਾ ਸੀ ਭਾਵੇਂ ਮੁਲਕ ਵਖੋ ਵਖਰੇ ਸਨ। ਬਹਾਦਰ ਸ਼ਾਹ ਜ਼ਫਰ ਅੰਤਮ ਮੁਗਲ ਸ਼ਹਿਨਸ਼ਾਹ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਦੇਸ਼ ਵਿਚ ਹੀ ਅੰਗਰੇਜ਼ਾਂ ਨੇ ਕੈਦ ਰਖਿਆ ਸੀ। ਬਾਦ ਵਿਚ ਅੰਗਰੇਜ਼ਾਂ ਦੇ ਜਾਣ ਬਾਦ ਬਰਮਾ ਦੇਸ਼ ਦਾ ਨਾਮ ਮਿਆਂਮਾਰ ਹੋ ਗਿਆ। ਫੇਰ ਇਸ ਦੇਸ਼ ਵਿਚ ਲੰਬੇ ਸਮੇਂ ਤੋਂ ਫੌਜ ਦਾ ਹੀ ਰਾਜ ਰਿਹਾ ਹੈ। ਓਥੋਂ ਦੀ ਇਕ ਬਹਾਦਰ ਔਰਤ 'ਸੂ ਕੀ' ਨੇ ਆਜ਼ਾਦੀ ਅਤੇ ਲੋਕ ਰਾਜ ਦਾ ਝੰਡਾ ਚੁਕੀ ਰਖਿਆ। ਭਾਵੇਂ ਉਹ ਇਕ ਸਮੇਂ ਹੋਈ ਚੋਣ ਜਿਤ ਵੀ ਗਈ ਪਰ ਬਹੁਤਾ ਸਮਾਂ ਉਹ ਫੌਜੀ ਹਕੂਮਤ ਵਲੋਂ ਕੈਦ ਜਾਂ ਨਜ਼ਰਬੰਦ ਰਹੀ। ਉਹ ਬਹਾਦਰ ਔਰਤ ਹੁਣ ਪੰਦਰਾਂ ਸਾਲ ਦੀ ਨਜ਼ਰਬੰਦੀ ਬਾਦ ਆਜ਼ਾਦ ਕਰ ਦਿੱਤੀ ਗਈ ਹੈ। ਦੁਨੀਆ ਵਿਚ ਆਜ਼ਾਦੀ ਅਤੇ ਲੋਕ ਰਾਜ ਦੀ ਹਵਾ ਚਲਣ ਕਰਕੇ ਫੌਜੀ ਸ਼ਾਸਨ ਨੂੰ ਇਸ ਬੀਬੀ ਨੂੰ ਰਿਹਾ ਕਰਣ ਤੇ ਮਜਬੂਰ ਹੋਣਾ ਪਿਆ। ਅਜੇ ਇਸ ਦੇਸ਼ ਵਿਚ ਪੂਰੀ ਤਰ੍ਹਾਂ ਲੋਕਰਾਜੀ ਬਨਣ ਵਿਚ ਸਮਾਂ ਲਗੇਗਾ। ਪਤਾ ਨਹੀਂ ਕਦੋਂ ਫੇਰ ਅੜਿਕਾ ਪੈ ਜਾਵੇ ਪਰ ਦੁਨੀਆ ਵਿਚ ਚਲ ਰਹੀ ਆਜ਼ਾਦੀ ਅਤੇ ਜਮਹੂਰੀਅਤ ਦੀ ਹਵਾ ਨੂੰ ਰੋਕਣਾ ਹੁਣ ਮੁਸ਼ਕਲ ਹੈ।

ਸੂ ਕੀ ਦੀ ਕੁਰਬਾਨੀ ਅਤੇ ਦ੍ਰਿੜ ਇਰਾਦੇ ਅਗੇ ਸਿਰ ਝੁਕਦਾ ਹੈ। ਇਸ ਦੇਸ਼ ਬਰਮਾ ਮੀਆਂਮਾਰ ਵਿਚ ਨਵਾਂ ਸੂਰਜ ਚੜ੍ਹ ਰਿਹਾ ਹੈ। ਇਸਦੇ ਲੋਕ ਇਸ ਸੂਰਜ ਦਾ ਨਿੱਘ ਮਾਨਣ ਇਹ ਸਾਡੀ ਅਰਦਾਸ ਹੈ।

ਸੰਤ ਗਿਆਨ ਸਿੰਘ ਵੀਰੋਕੇ ਦਾ ਸਨਮਾਨ

ਇਸ ਵਾਰ ਨਾਮਧਾਰੀ ਪੰਥ ਸ੍ਰੀ ਭੈਣੀ ਸਾਹਿਬ ਦੇ ਸਾਲਾਨਾ ਸਮਾਗਮ ਇਕ ਮਹੀਨਾ ਅੱਸੂ ਦੇ ਮਹੀਨੇ ਚਲਣ ਵਾਲੇ ਜਪ ਪ੍ਰਯੋਗ ਦੇ ਅੰਤ ਵਿਚ ਵੱਡੇ ਮੇਲੇ ਤੇ ਸ੍ਰੀਮਾਨ ਸੰਤ ਗਿਆਨ ਸਿੰਘ ਵੀਰੋਕੇ ਜਥੇਦਾਰ ਜੀ ਨੂੰ ਉਹਨਾਂ ਦੇ ਸੁਰਗਵਾਸ ਹੋਣ ਬਾਦ ਪੰਥ ਰਤਨ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਇਹ ਇਕ ਬਹੁਤ ਹੀ ਚੰਗੀ ਗੱਲ ਸੀ ਜਿਸ ਦੀ ਬਹੁਤ ਸਲਾਹੁਤਾ ਕੀਤੀ ਗਈ ਹੈ। ਭਾਵੇਂ ਇਹ ਸਮਾਂ ਨਾ ਬਣ ਸਕਿਆ ਕਿ ਉਹਨਾਂ ਦੇ ਜੀਂਦੇ ਜੀ ਅਜਿਹਾ ਸਨਮਾਨ ਉਹਨਾਂ ਦੀ ਝੋਲੀ ਪੈ ਸਕਦਾ ਪਰ ਹੁਣ ਵੀ ਇਹ ਸਨਮਾਨ ਦੇਣਾ ਇਹ ਸਾਬਤ ਕਰਦਾ ਹੈ ਕਿ ਜਥੇਦਾਰ ਜੀ ਦਾ ਮਾਣ ਸਤਿਕਾਰ ਅਜੇ ਵੀ ਨਾਮਧਾਰੀ ਸੰਗਤਾਂ ਵਿਚ ਉਸੇ ਤਰ੍ਹਾਂ ਹੀ ਕਾਇਮ ਹੈ। ਸੰਤ ਗਿਆਨ ਸਿੰਘ ਜੀ ਨੇ ਕਿਸਤਰਾਂ ਸਿਆਲਕੋਟ ਜ਼ਿਲ੍ਹੇ ਦੇ ਇਕ ਪਿੰਡ ਵੀਰੋਕੇ ਵਿਚ ਬਚਪਣ ਤੋਂ ਹੀ ਸੰਘਰਸ਼ਮਈ ਜੀਵਨ ਆਰੰਭਿਆ। ਕਿਵੇਂ ਉਹਨਾਂ ਦੀ ਮਾਤਾ ਜੀ ਨੇ ਬਹੁਤ ਮੁਸ਼ਕਲਾਂ ਵਿਚ ਆਪਣੇ ਸਪੁੱਤਰ ਦੀ ਪਾਲਣਾ ਕੀਤੀ। ਸਕੂਲ ਦੀ ਪੜ੍ਹਾਈ ਦੇ ਬਾਈਕਾਟ ਦੇ ਬਾਵਜੂਦ ਕਿਵੇਂ ਗਿਆਨ ਸਿੰਘ ਜੀ ਨੇ ਗਿਆਨ ਪ੍ਰਾਪਤ ਕੀਤਾ। ਸੰਗੀਤ ਰਾਗ ਨਾਦ ਦੀ ਕਿਵੇਂ ਉਹਨਾਂ ਪ੍ਰਾਪਤੀ ਕੀਤੀ ਕਿਵੇਂ ਉਹ ਗੁਰਬਾਣੀ ਦੇ ਪਾਠੀ, ਅਖੰਡ ਪਾਠੀ ਅਤੇ ਵਿਆਖਿਆਕਾਰ ਬਣੇ, ਇਹ ਇਕ ਲੰਬੀ ਪਰੀ ਕਹਾਣੀ ਵਰਗੀ ਦਾਸਤਾਨ ਹੈ। ਉਚੇ ਕੱਦ ਕਾਠ ਵਾਲੇ ਉੱਚੇ ਸੁੱਚੇ ਵਿਚਾਰਾਂ ਅਤੇ ਆਦਰਸ਼ਾਂ ਵਾਲੇ ਸੰਤ ਗਿਆਨ ਸਿੰਘ ਜੀ ਸਦਾ ਨਿਰਬਾਣ ਨਿਰਮਾਣ ਮਿਠ ਬੋਲੜੇ ਅਤੇ ਪਵਿੱਤਰ ਆਤਮਾ ਵਾਲੇ ਮਹਾਂਪੁਰਖ ਰਹੇ। ਬਹੁਤ ਸਾਰੀਆਂ ਦਾਤਾਂ ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪ੍ਰਾਪਤ ਕੀਤੀਆਂ। ਚਾਹੇ ਸ਼ਾਸਤ੍ਰੀ ਗੀਤਾਂ ਵਿਚ ਰਾਗੀਆਂ ਦਾ ਦੀਵਾਨ ਵਾਜੇ ਤਬਲੇ ਨਾਲ ਹੋਵੇ ਜਾਂ ਹੱਲੇ ਦਾ ਗੜਗੱਜ ਦੀਵਾਨ ਹੋਵੇ ਉਹ ਹਰ ਤਰ੍ਹਾਂ ਹੀ ਪਾਰੰਗਤ ਸਨ। ਉੱਚੇ ਤੋਂ ਉੱਚੇ ਸਪਤਕ ਤਕ ਅਤੇ ਨੀਵੇਂ ਤੋਂ ਨੀਵੇਂ ਸੁਰ ਤਕ ਉਹਨਾਂ ਦੀ ਆਵਾਜ਼ ਆਸਾਨੀ ਨਾਲ ਫਿਰ ਜਾਂਦੀ ਸੀ। ਉਹਨਾਂ ਦੁਆਰਾ ਗੁਰਬਾਣੀ ਦੀ ਗੂੜ੍ਹ ਵਿਆਖਿਆ ਬਹੁਤ ਸਾਦੇ ਸ਼ਬਦਾਂ ਵਿਚ ਲੋਕ ਮਨਾਂ ਵਿਚ ਉਤਰਦੀ ਸੀ। ਸੰਗਤਾਂ ਦੀ ਵੱਧ ਤੋਂ ਵੱਧ ਭਾਰੀ ਤਾਦਾਦ, ਘੰਟਿਆਂ ਬੱਧੀ ਸੰਤ ਗਿਆਨ ਸਿੰਘ ਜੀ ਦਾ ਦੀਵਾਨ ਸੁਣਦੀ। ਨਾ ਉਹ ਥਕਦੇ ਨਾ ਸੁਨਣ ਵਾਲੇ ਹਿਲਦੇ, ਜਿਵੇਂ ਸਮਾਂ ਰੁਕ ਗਿਆ ਹੋਵੇ। ਮੀਂਹ ਹੋਵੇ ਜਾਂ ਹੁਸੜ ਹੋਵੇ ਜਾਂ ਸਰਦੀ ਉਹਨਾਂ ਦੇ ਦੀਵਾਨ ਚਲਦੇ ਰਹਿੰਦੇ। ਸਤਿਗੁਰੂ ਆਪ ਓਹਨਾਂ ਦੀ ਜ਼ੁਬਾਨ ਰਾਹੀਂ ਬੋਲ ਰਹੇ ਹੁੰਦੇ ਇਵੇਂ ਪ੍ਰਤੀਤ ਹੁੰਦਾ। ਉਹ ਸਤਿਗੁਰੂ ਜੀ ਨਾਲ ਦੇਸ ਅਤੇ ਪਰਦੇਸਾਂ ਵਿਚ ਵੀ ਹੁਕਮ ਨਾਲ ਗਏ ਅਤੇ ਆਏ। ਸਾਰੀ ਹਯਾਤੀ ਉਹਨਾਂ ਦਾ ਜੀਵਨ ਇਕ ਸ੍ਵੱਛ ਸੁੰਦਰ ਸਫੇਦ ਚਾਦਰ ਵਾਂਗ ਰਿਹਾ। ਸੋਹਣਾ ਵੀ ਤੇ ਬੇਦਾਗ ਵੀ। ਉਹਨਾਂ ਦੀ ਸੰਗਤ ਨਾਲ ਨਾਮਧਾਰੀ ਸਮਾਜ ਵਿਚ ਅਤੇ ਬਾਹਰ ਵੀ ਕਈ ਲੋਕ ਜਥੇਦਾਰ ਕੀਰਤਨਕਾਰ ਅਤੇ ਪਰਚਾਰਕ ਬਣੇ। ਇਸ ਵਕਤ ਉਹਨਾਂ ਦਾ ਇਕਲੌਤਾ ਸਪੁੱਤਰ ਜਥੇਦਾਰ ਗੁਰਬਚਨ ਸਿੰਘ ਵੀ ਆਪਣੇ ਮਹਾਨ ਪਿਤਾ ਦੀਆਂ ਪੈੜਾਂ ਤੇ ਚਲਦਾ ਹੋਇਆ ਕੀਰਤਨ ਵਿਆਖਿਆ ਅਤੇ ਸੁੱਚੇ ਨਿਜੀ ਜੀਵਨ ਨਾਲ ਆਪਣੇ ਪਿਤਾ ਦਾ ਨਾਮ ਵੀ ਰੌਸ਼ਨ ਕਰ ਰਿਹਾ ਹੈ ਅਤੇ ਸਮਾਜ ਦੀ ਵੀ ਸੇਵਾ ਕਰ ਰਿਹਾ ਹੈ। ਇਸ ਵੇਲੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਅਤੇ ਆਗਿਆ ਨਾਲ ਸੰਗਤ ਦੇ ਪਰਬੰਧ ਵਿਚ ਅਹਿਮ ਭੂਮਿਕਾ ਨਿਭਾ ਰਹੇ ਸ੍ਰੀ ਮਾਤਾ ਜੀ, ਸੰਤ ਜਗਤਾਰ ਸਿੰਘ ਜੀ, ਸ੍ਰੀ ਊਦੇ ਸਿੰਘ ਜੀ ਨੇ ਬਹੁਤ ਸਹੀ ਅਤੇ ਢੁਕਵਾਂ ਫੈਸਲਾ ਲੈ ਕੇ ਸ੍ਰੀਮਾਨ ਜਥੇਦਾਰ ਗਿਆਨ ਸਿੰਘ ਜੀ ਨੂੰ ਮਰਨੋਪ੍ਰਾਂਤ ਪੰਥ ਰਤਨ ਦੀ ਉਪਾਧੀ ਦੇ ਕੇ ਅਤੇ ਪਰਿਵਾਰ ਨੂੰ ਮਾਇਆ ਸਹਿਤ ਹੋਰ ਸਨਮਾਨ ਦੇ ਕੇ ਸੰਤ ਗਿਆਨ ਸਿੰਘ ਜੀ ਦੀ ਯਾਦ ਨੂੰ ਸੁਰਜੀਤ ਰਖਿਆ ਹੈ। ਅਸੀਂ ਆਸ ਕਰਦੇ ਹਾਂ ਕਿ ਅਜਿਹੇ ਪਰਸੰਸਾਯੋਗ ਉਦਮ ਅਗੋਂ ਵੀ ਜਾਰੀ ਰਹਿਣਗੇ।

—ਜਗਦੀਸ਼ ਸਿੰਘ ਵਰਿਆਮ

ਗੁਰੂ ਨਾਨਕ ਦੇਵ ਜੀ ਦਾ ਬ੍ਰਹਿਮੰਡੀ ਸਿਧਾਂਤ

—ਸਤਿਨਾਮ ਔਜਲਾ

ਇਹ ਸੰਸਾਰ ਮੂਲ ਰੂਪ 'ਚ ਦੋ ਦ੍ਰਿਸ਼ਟੀਕੋਣਾ ਵਿਚ ਵੰਡਿਆ ਹੋਇਆ ਹੈ। ਨਾਸਤਕ ਜਾਂ ਪਦਾਰਥਵਾਦੀ ਅਤੇ ਦੂਸਰਾ ਹੈ ਆਸਤਕ ਜਾਂ ਪਰਮਾਰਥੀ। ਪਦਾਰਥਵਾਦੀ ਇਸ ਬ੍ਰਹਿਮੰਡ ਦੀ ਰਚਨਾ ਬਾਰੇ ਵੱਖ-ਵੱਖ ਰਾਇ ਪੇਸ਼ ਕਰਦੇ ਆ ਰਹੇ ਹਨ ਅਤੇ ਮੰਨਦੇ ਹਨ ਇਸ ਬ੍ਰਹਿਮੰਡ 'ਚ ਕੋਈ ਆਤਮਿਕ ਸੰਸਾਰ ਨਹੀਂ ਹੈ। ਨਾ ਹੀ ਕੋਈ ਅਦ੍ਰਿਸ਼ ਸ਼ਕਤੀ ਇਸ ਨੂੰ ਚਲਾ ਰਹੀ ਹੈ। ਜੋ ਵੀ ਅਸੀਂ ਵੇਖਦੇ ਹਾਂ ਕੁਦਰਤ ਦੇ ਨਿਯਮਾਂ ਅਨੁਸਾਰ ਚਲ ਰਿਹਾ ਹੈ। ਉਹ ਮਹਾ ਨਿਯਮ ਹੈ ਅਜੇ ਤੱਕ ਨਹੀਂ ਲਭਿਆ ਗਿਆ ਹੈ ਕਿ ਉਹ ਨਿਯਮ ਜਾਂ ਸਿਧਾਂਤ ਕੀ ਹੈ ? ਜੋ ਵੀ ਅਸੀਂ ਵੇਖਦੇ ਹਾਂ ਉਹ ਕੁਦਰਤ ਹੈ। ਮਨੁੱਖ ਨੂੰ ਸੰਸਾਰਿਕ ਲੋੜਾਂ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਗਰੀਬੀ, ਅਨਪੜ੍ਹਤਾ, ਬੇਰੋਜ਼ਗਾਰੀ, ਬੀਮਾਰੀ ਕੋਈ ਰੱਬੀ ਕਰੋਪੀ ਨਹੀਂ ਹੈ ਸਗੋਂ ਮਨੁੱਖ ਦੀ ਸੰਘਰਸ਼ ਸ਼ਕਤੀ ਦੀ ਘਾਟ ਹੈ। ਪਦਾਰਥਵਾਦੀ ਲੋਕ ਸਦਾਚਾਰ ਦੀ ਲੋੜ ਤਾਂ ਸਮਝਦੇ ਹਨ, ਕੁਦਰਤ ਨੂੰ ਮੰਨਦੇ ਹਨ ਪਰ ਕੁਦਰਤ ਦੀ ਉਤਪਤੀ ਬਾਰੇ ਕੋਈ ਠੋਸ ਸਿਧਾਂਤ ਪੇਸ਼ ਕਰਨ ਤੋਂ ਅਜੇ ਅਸਮਰਥ ਹਨ। ਜਿਵੇਂ ਬਿਗ ਬੈਂਗ ਤੋਂ ਪਹਿਲਾਂ ਇਹ ਮਾਦਾ ਕਿਥੋਂ ਆਇਆ ? ਮਾਦਾ ਖਲਾਅ ਦੀ ਅਸੀਮ ਸੀਮਾ 'ਚ ਕਿਥੇ ਸਥਿਤ ਸੀ। ਅੱਜ ਵੀ ਜੋ ਅਸੀਂ ਬ੍ਰਹਿਮੰਡ ਵੇਕਦੇ ਹਾਂ ਉਹ ਖਲਾਅ ਦੀ ਕਿਸ ਦਿਸ਼ਾ 'ਚ ਸਥਿਤ ਹੈ।

ਵਿਗਿਆਨ ਨੇ ੨੦ਵੀਂ ਸਦੀ 'ਚ ਬਿਗ ਬੈਂਗ ਸਿਧਾਂਤ ਪੇਸ਼ ਕੀਤਾ। ੬੪੦ ਕਰੋੜ ਵਰ੍ਹੇ ਪਹਿਲਾਂ ਖਲਾਅ 'ਚ ਮਹਾ ਵਿਸਫੋਟ ਹੋਇਆ। ਅਚਾਨਕ ਪ੍ਰਮਾਣੂ ਆਪਸ 'ਚ ਟਕਰਾਉਣ ਲਗ ਪਏ ਤੇ ਵਿਸ਼ਾਲ ਅਕਾਸ਼ ਗੰਗਾਵਾਂ ਪੈਦਾ ਹੋਣ ਲਗ ਪਈਆਂ। ਇਹ ਅਕਾਸ਼ ਗੰਗਾਵਾਂ ਤਾਰਿਆਂ ਨੂੰ ਜਨਮ ਦਿੰਦੀਆਂ ਹਨ। ਹੌਲੀ-ਹੌਲੀ ਮਾਦਾ ਠੰਡਾ ਹੋਣ ਲਗ ਪਿਆ ਤਾਰੇ ਅਤੇ ਸੂਰਜ ਹੋਂਦ 'ਚ ਆ ਗਏ।

ਪ੍ਰਸਿੱਧ ਵਿਗਿਆਨੀ ਵੀ ਅੰਤ 'ਚ ਆਪਣੇ-ਆਪਣੇ ਵਿਚਾਰ ਕੁਦਰਤ ਬਾਰੇ ਦੇਣ ਲਗ ਪਏ। ਪ੍ਰਸਿੱਧ ਵਿਗਿਆਨੀ ਮਿਲੀਕਾਨ ਦਾ ਕਹਿਣਾ ਹੈ, ਬ੍ਰਹਿਮੰਡ ਦੇ ਅੰਗਾਂ ਨੂੰ ਆਪਸ ਵਿਚ ਜੋੜਨ ਵਾਲਾ ਕੋਈ ਨਿਯਮ ਜ਼ਰੂਰ ਹੈ 'ਜਿਸ ਨੂੰ ਅਸੀਂ ਰੱਬ ਆਖਦੇ ਹਾਂ' ਗਰੂਤਾ ਦੇ ਸਿਧਾਂਤ ਨੂੰ ਦੇਣ ਵਾਲਾ ਵਿਗਿਆਨੀ ਨਿਊਟਨ ਦਾ ਕਹਿਣਾ ਹੈ ਕਿ ਬ੍ਰਹਿਮੰਡ ਦੇ ਪ੍ਰਬੰਧ ਪਿੱਛੇ ਇਕਸਾਰਤਾ, ਇੱਕਸੁਰਤਾ, ਨਿਰੰਤਰਤਾ ਦਿਖਾਈ ਦਿੰਦੀ ਹੈ। ਬ੍ਰਹਿਮੰਡ ਨੂੰ ਆਪਸ ਵਿਚ ਜੋੜ ਕੇ ਰੱਖਣਾ ਤੇ ਕਿਸੇ ਵਿਉਂਤ ਅਨੁਸਾਰ ਗਤੀਸ਼ੀਲ ਰੱਖਣਾ ਕਿਸੇ ਅੰਨੀ ਤੇ ਆਪ ਹੁਦਰੀ ਸ਼ਕਤੀ ਦਾ ਕਾਰਜ ਨਹੀਂ ਹੈ। ਇਹ ਅਜਿਹੀ ਕਲਾ ਦਾ ਕ੍ਰਿਸ਼ਮਾ ਹੈ ਜੋ ਮਕੈਨਿਕਸ ਜੁਮੈਟਰੀ ਵਿਚ ਨਿਪੁੰਨ ਹੈ। ਮਹਾਨ ਵਿਗਿਆਨੀ ਆਈਨਸਟਾਈਨ ਦਾ ਕਹਿਣਾ ਹੈ ਮੈਂ ਆਪ ਲੰਬੀ ਉਮਰ ਤੇ ਤਜਰਬਿਆਂ ਦੇ ਆਧਾਰ ਤੇ ਇਸ ਸਿੱਟੇ ਉੱਤੇ ਪੁੱਜਿਆ ਹਾਂ ਕਿ ਕੁਦਰਤ ਬਾਰੇ ਸਾਡਾ ਗਿਆਨ ਬਿਲਕੁਲ ਅਧੂਰਾ ਹੈ। ਕੁਦਰਤ ਵਿੱਚ ਇੱਕ ਚੇਤਨਾ ਦੇ ਦਰਸ਼ਨ ਹੁੰਦੇ ਹਨ ਉਸੇ ਚੇਤਨਾ ਵਿਚ ਮੇਰਾ ਭਰੋਸਾ ਪੈਦਾ ਹੋ ਗਿਆ ਹੈ।

ਦੂਸਰੇ ਪਾਸੇ ਆਸਤਕ ਜਾਂ ਪਰਮਾਰਥੀ ਇਸ ਸ੍ਰਿਸ਼ਟੀ ਨੂੰ ਕਰਤਾਪੁਰਖ ਦੀ ਰਚਨਾ ਜਾਂ ਖੇਡ ਮੰਨਦੇ ਹਨ। ਉਹ ਸਰਿਸ਼ਟੀ ਨੂੰ ਅਸੀਮ ਪ੍ਰਾਤਮਾ ਦੀ ਉਤਪਤੀ ਮੰਨਦੇ ਹਨ। ਉਹ ਮੰਨਦੇ ਹਨ ਕੇ ਕਰਤਾਪੁਰਖ ਨੇ ਇਸ ਸਰਿਸ਼ਟੀ ਦੀ ਰਚਨਾ ਕਿਸੇ ਵਿਸ਼ੇਸ਼ ਮੰਤਵ ਲਈ ਕੀਤੀ ਹੈ। ਅਤੇ ਆਪਣੀ ਜੀਵ ਚੇਤਨਾ ਸਰਿਸ਼ਟੀ ਦੇ ਹਰ ਅੰਸ਼ ਵਿੱਚ ਪਾਈ ਹੈ ਭਾਵ ਉਸਦੀ ਜੀਵ ਚੇਤਨਾ ਸ੍ਰਿਸ਼ਟੀ ਦੇ ਹਰ ਅੰਸ਼ ਵਿਚ ਵਿਚਰ ਰਹੀ ਹੈ। ਇਸੇ ਲਈ ਸਾਰੀ ਸ੍ਰਿਸ਼ਟੀ ਇੱਕ ਨਿਯਮ ਅਨੁਸਾਰ ਚਲ ਰਹੀ ਹੈ ਭਾਵ ਆਪ ਹੁਦਰੀ ਨਹੀਂ ਹੈ। ਜਿਵੇਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ।

ਬਲਿਹਾਰੀ ਕੁਦਰਤ ਵਸਿਆ।
ਤੇਰਾ ਅੰਤ ਨਾ ਜਾਈ ਲਖਿਆ।

ਸਾਰੀ ਸ੍ਰਿਸ਼ਟੀ ਸਾਜ ਕੇ ਪ੍ਰਮਾਤਮਾ ਵਿਚ ਆਪ ਵਸਿਆ ਹੋਇਆ ਹੈ। ਬ੍ਰਹਿਮੰਡ ਅਤੇ ਪ੍ਰਮਾਤਮਾ ਅਲਗ-ਅਲਗ ਹਨ। ਪਰ ਸ੍ਰਿਸ਼ਟੀ ਰਚਣ ਤੋਂ ਬਾਅਦ ਵਿਚ ਆਪ ਵਸਣ ਕਰਕੇ ਦੋਵੇ ਇਕ ਮਿਕ ਹਨ. ਇਸ ਲਈ ਇਹ ਸ੍ਰਿਸ਼ਟੀ ਕੋਈ ਆਧਾਰਹੀਣ ਕ੍ਰਿਆ ਨਹੀਂ ਹੈ। ਸਾਰੀ ਸਰਿਸ਼ਟੀ ਉਸਦੇ ਹੁਕਮ 'ਚ ਚਲ ਰਹੀ ਹੈ। ਇਕ ਹੋਰ ਪ੍ਰੀਮਾਣ ਹੈ।

ਸਗਲ ਸਮਗ੍ਰੀ ਤੁਮਰੈ ਸੂਤ੍ਰਿਧਾਰੀ
ਤੁਮ ਤੇ ਹੋਇ ਸੁ ਆਗਿਆਕਾਰੀ

ਸਾਰੀ ਸ੍ਰਿਸ਼ਟੀ ਇਕ ਨਿਯਮ 'ਚ ਬੰਨ ਦਿਤੀ ਅਤੇ ਉਸ ਨਿਯਮ ਅਧੀਨ ਚਲ ਰਹੀ ਹੈ ਤੇ ਉਸੇ ਨਿਯਮ ਅਧੀਨ ਅਨੰਤ ਕਾਲ ਤੋਂ ਚਲ ਰਹੀ ਹੈ। ਜਿਵੇਂ ਨਿਊਟਨ ਨੇ ਕਿਹਾ ਹੈ ਇਹ ਕਿਸੇ ਆਪ ਹੁਦਰੀ ਸ਼ਕਤੀ ਦਾ ਕਾਰਜ ਨਹੀਂ ਹੈ। ਇਹ ਅਜਿਹੀ ਕਲਾ ਦਾ ਕ੍ਰਿਸ਼ਮਾ ਹੈ ਜੋ ਮਕੈਨਿਕਸ ਜੁਮੈਟਰੀ 'ਚ ਨਿਪੁੰਨ ਹੈ।

ਅੱਜ ਤੋਂ ੫੫੦ ਵਰ੍ਹੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਰਿਸ਼ਟੀ ਬਾਰੇ ਲਿਖਿਆ ਹੈ

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨ ਰੈਨਿ ਨਾ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ।

ਅਨੰਤ ਕਾਲ 'ਚ ਧੰਧੂਕਾਰ ਦੇ ਬਿਨਾਂ ਕੁੱਝ ਵੀ ਨਹੀਂ ਸੀ. ਨਾ ਦਿਨ ਰਾਤ ਸੀ। ਨਾ ਅਕਾਸ਼ ਪਤਾਲ ਸੀ। ਉਸ ਵੇਲੇ ਉਹ ਚੇਤਨਾ ਦਾ ਮੂਲ ਸਰੂਪ ਆਪਣੀ ਮੌਜ 'ਚ ਵਿਚਰ ਰਿਹਾ ਸੀ। ਉਸ ਨੇ ਆਪਣੇ ਇੱਕ ਹੁਕਮ ਨਾਲ ਸ੍ਰਿਸ਼ਟੀ ਰਚ ਦਿੱਤੀ। ਹਾਂ ਇਸ 'ਚ ਕੋਈ ਦੋ ਰਾਇ ਨਹੀਂ ਨਿਰਤੰਤਰ ਵੇਗ ਅਤੇ ਨਿਰਤੰਤਰ ਬਦਲਾ ਦੀ ਪ੍ਰਸਥਿਤੀ ਹੇਠ ਚਲ ਰਹੀ ਹੈ। ਪੂਰੀ ਸ੍ਰਿਸ਼ਟੀ ਗਤੀਸ਼ੀਲ ਅਤੇ ਪ੍ਰੀਵਰਤਨਸ਼ੀਲ ਕ੍ਰਿਆ ਵਿਚ ਚਲ ਰਹੀ ਹੈ। ਜਿਵੇਂ ਗੁਰੂ ਸਾਹਿਬ ਲਿਖਿਆ ਹੈ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ
ਕੋਹ ਕਰੋੜੀ ਚਲਤ ਨ ਅੰਤ।

ਉਸ ਪ੍ਰਮਾਤਮਾ ਦੇ ਹੁਕਮ ਨਾਲ ਸੂਰਜ ਅਤੇ ਚੰਦ ਚੱਕਰ ਕੱਟ ਰਹੇ ਹਨ। ਵੀਹਵੀਂ ਸਦੀ ਦੇ ਅੱਧ ਤੱਕ ਵਿਗਿਆਨੀ ਸੂਰਜ ਨੂੰ ਸਥਿਰ ਮੰਨਦੇ ਸਨ। ਹੁਣ ਨਵੀਨ ਖੋਜਾਂ ਅਨੁਸਾਰ ਸੂਰਜ ਵੀ ਆਪਣੀ ਧੁਰੀ ਦੁਆਲੇ ੧੨ ਸਾਲ 'ਚ ਚਕਰ ਲਾ ਰਿਹਾ ਹੈ। ਪਿਛਲੇ ਮਹੀਨੇ ਕੁੱਝ ਨਵੀਨ ਖੋਜਾਂ ਨੇ ਦਸਿਆ ਹੈ ਸੂਰਜ ਵਿਚ ਹਰ ਸੈਕਿੰਡ ਬਦਲਾ ਹੁੰਦਾ ਰਹਿੰਦਾ ਹੈ।

ਹਰ ੧੨੬ ਘੰਟਿਆ ਬਾਅਦ ਸੂਰਜ ਆਪਣਾ ੬ ਮੀਲ ਘੇਰਾ ਛੋਟਾ ਕਰ ਲੈਂਦਾ ਹੈ ਅਤੇ ਆਪਣੀ ਸਵਾਸ ਕ੍ਰਿਆ ਪੂਰੀ ਕਰਦਾ ਹੈ ਜਿਸ 'ਚੋ ਬੇਹਦ ਉੱਚੀਆਂ ਧੁੰਨ ਤਰੰਗਾਂ ਪੈਦਾ ਹੁੰਦੀਆਂ ਹਨ। ਇੰਜ ਹੀ ਸ਼ਨੀ ਗ੍ਰਹਿ ਅਤੇ ਬ੍ਰਹਿਸਪਤੀ ਗ੍ਰਹਿ ਦੀਆਂ ਆਪਣੀਆਂ ਵਿਸ਼ੇਸ਼ ਧੁੰਨਾਂ ਹਨ।

ਹੁਣ ਇੱਕ ਹੋਰ ਸਵਾਲ ਉੱਠਦਾ ਹੈ ਕਿ ਬ੍ਰਹਿਮੰਡ ਤੋਂ ਪਰ੍ਹੇ ਵੀ ਖਲਾਅ 'ਚ ਕੁਝ ਹੋਰ ਹੈ। ਇਹ ਸਾਰਾ ਬ੍ਰਹਿਮੰਡ ਕਿਸ ਆਸਰੇ ਖੜ੍ਹਾ ਹੈ। ਕੋਈ ਤਾਕਤ ਦੀ ਗਤੀਸ਼ੀਲਤਾ ਇਸ ਨੂੰ ਬੰਨ ਕੇ ਹੀ ਸਿਰਫ ਰੱਖ ਸਕਦੀ ਹੈ ਜਿਸ ਦਾ ਨਾਂ ਰੱਬ ਹੈ ਜਾਂ ਕੋਈ ਚੇਤਨਾ ਹੈ ਜੋ ਅਸੀਮ ਤਾਕਤ 'ਚੋਂ ਉਪਜਦੀ ਹੈ ਜਿਸਨੇ ਹਰ ਸ਼ੈਅ ਨੂੰ ਆਪਣੀ ਤਾਕਤ ਨਾਲ ਬੰਨਿਆ ਹੋਇਆ ਹੈ ਅਤੇ ਖੰਡ ਬ੍ਰਹਿਮੰਡ ਉਸਦੇ ਗਿਰਦ ਘੁੰਮ ਰਹੇ ਹਨ ਆਪ ਸ੍ਰਿਸ਼ਟੀ 'ਚ ਵਿਚਰਦਿਆਂ ਆਪ ਸਥਿਰ ਹੁੰਦਿਆ ਚੇਤਨਾ ਰਾਹੀਂ ਗਤੀਮਾਨ ਹੈ। ਗੁਰੂ ਸਾਹਿਬ ਨੇ ਲਿਖਿਆ ਹੈ।

ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ।

ਜਿਸ ਪ੍ਰਕਾਰ ਸਰਿਸ਼ਟੀ ਨੇ ਪ੍ਰਤੀਕਿਰਿਆ ਚੋਂ ਲੰਘਣਾ ਹੈ ਬਨਣਾ ਤੇ ਬਿਨਸਣਾ ਹੈ ਉਹ ਉਸਦੇ ਬਣਾਏ ਸੰਵਿਧਾਨ ਵਿਚੋਂ ਦੀ ਲੰਘ ਕੇ ਹੀ ਬਣੇਗੀ। ਇਸਦੇ ਨਿਸਚਤ ਸਮੇਂ ਬਾਰੇ ਉਹ ਕਰਤਾਰਪੁਰਖ ਹੀ ਜਾਣਦਾ ਹੈ। ਜਿਸਦਾ ਸੰਕੇਤ ਆਪਣੀ ਬਾਣੀ ਵਿਚ ਦਿੱਤਾ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ
ਕਵਣੁ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।

ਵਿਗਿਆਨੀਆਂ ਨੇ ਬ੍ਰਹਿਮੰਡ ਦੀ ਉਤਪਤੀ ਦੀ ਉਮਰ ੬੪੦ ਕਰੋੜ ਵਰ੍ਹੇ ਪੂਰਵ ਮੰਨੀ ਹੈ ਉਹ ੨੦ਵੀਂ ਸਦੀ ਨੂੰ ਸਿਫਰ ਕਾਲ ਮੰਨਦੇ ਹੋਏ ਦਲੀਲ ਦਿੰਦੇ ਹਨ ੬੪੦ ਕਰੋੜ ਵਰ੍ਹੇ ਪਹਿਲਾ ਖਲਾਅ 'ਚ ਜ਼ੋਰਦਾਰ ਧਮਾਕਾ ਹੋਇਆ। ਉਸ ਧਮਾਕੇ ਦੀ ਜਾਣਕਾਰੀ ਲਈ ਸਵਿਟਜ਼ਰਲੈਂਡ 'ਚ ਮਹਾ ਮਸ਼ੀਨ ਰਾਹੀਂ ਗਾਡ ਪਾਰਟੀਕਲ ਦੀ ਖੋਜ ਹੋ ਰਹੀ ਹੈ ਜਿਸ ਤੇ ੧੫੦੦੦ ਹਜ਼ਾਰ ਵਿਗਿਆਨੀ ਕੰਮ ਕਰ ਰਹੇ ਹਨ ਜਿਸ ਤੇ ੭੬੫ ਅਰਬ ਡਾਲਰ ਦਾ ਖਰਚ ਹੋਇਆ। ਜਿਸ 'ਚ ਖੋਜ ਅਧੂਰੀ ਰਹੇਗੀ ਕਿ ਇਹ ਮਾਦਾ ਕਿਥੋਂ ਪੈਦਾ ਹੋਇਆ ਯਾਨੀ ਮੂਲ ਤੱਤ ਪਹਿਲਾਂ ਕਿਥੋਂ ਆਏ। ਇਹ ਤੱਤ ਪਹਿਲਾਂ ਕਿਵੇਂ ਖਲਾਅ 'ਚ ਮੌਜੂਦ ਸਨ। ੬੪੦ ਕਰੋੜ ਵਰ੍ਹੇ ਕੋਈ ਛੋਟੀ ਗਿਣਤੀ ਨਹੀਂ ਜਦੋਂ ਮਨੁੱਖ ਨੂੰ ਇਕ ਕਰੋੜ ਵਰ੍ਹਾ ਲੰਘਣ ਲਈ ਕਈ ਲੱਖ ਵਾਰ ਜਨਮ ਲੈਣਾ ਹੋਵੇਗਾ ਜੋ ਗਿਣਤੀ ਤੋਂ ਬਾਹਰ ਦੀ ਗੱਲ ਹੈ ਜਿਸਨੂੰ ਵਿਗਿਆਨ ਆਪ ਵੀ ਮੰਨਦਾ ਹੈ।

ਇਸ ਤੋਂ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਵਿਚ ਸ੍ਰਿਸ਼ਟੀ ਦੀ ਉਮਰ ਬਾਰੇ ਵੀ ਲਿਖਿਆ ਮਿਲਦਾ ਹੈ। ਜਿਸ ਵਿਚ ਕਾਲ ਨੂੰ ਚਾਰ ਜੁਗਾਂ ਵਿਚ ਵੰਡਿਆ ਹੋਇਆ ਹੈ। ਜਿਸ ਵਿਚ ਸਤਯੁਗ ਦੀ ਉਮਰ ੧੭੨੮੦੦੦ ਸਾਲ ਹੈ। ਤ੍ਰੇਤਾ ਕਾਲ ਦੀ ਉਮਰ ੧੨੯੬੦੦੦ ਸਾਲ ਦੁਵਾਪਰ ਦੀ ੮੬੪੦੦੦ ਸਾਲ ਅਤੇ ਕਲਯੁਗ ਦੀ ੪੩੨੦੦੦ ਸਾਲ ਹੈ। ਜੇਕਰ ਚਾਰੇ ਯੁੱਗ ਇੱਕ ਵਾਰ ਚਕਰ ਪੂਰਾ ਕਰ ਲੈਣ ਤਾਂ ਕੁਲ ਉਮਰ ੪੩੨੦੦੦ ਸਾਲ ਬਣਦੀ ਹੈ ਜਿਸ ਨੂੰ ਕਲਪ ਕਿਹਾ ਜਾਂਦਾ ਹੈ। ਜਦੋਂ ੭੧ ਵਾਰ ਚਾਰ ਯੁੱਗ ਬੀਤ ਜਾਣ ਤਾਂ ਇਕ ਮਨੂ ਜਾਂ ਮੰਨਵਤ੍ਰ ਬਣਦਾ ਹੈ। ਸ੍ਰਿਸ਼ਟੀ ਦੀ ਕੁੱਲ ਆਯੂ ੧੪ ਮਨੂੰ ਹੈ। ਹੁਣ ਤੱਕ ੭ਵੇਂ ਮਨੂ ਦੀ ੨੭ਵੀਂ ਚਤੁਰਯੁੱਗੀ ਚਲ ਰਹੀ ਹੈ। ਭਾਵ ਇਹ ਬ੍ਰਹਿਮੰਡ ਆਪਣੀ ਅੱਧੀ ਉਮਰ ਭੋਗ ਚੁੱਕਾ ਹੈ। ਪੂਰੀ ਆਯੂ ਭੋਗਣ ਤੋਂ ਬਾਅਦ ਪਰਲੋ ਤੇ ਮਹਾਪਰਲੋ ਆਉਂਦੀ ਹੈ।

ਪਰ ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਦੇ ਆਦਿ ਅਤੇ ਅੰਤ ਬਾਰੇ ਸਿਰਫ ਪ੍ਰਮਾਤਮਾ ਨੂੰ ਕਿਹਾ ਹੈ ਕੇਵਲ ਉਹੀ ਜਾਣਦਾ ਹੈ। ਮਨੁੱਖ ਦੀਆਂ ਕੇਵਲ ਕਿਆਸ ਅਰਾਈਆਂ ਹਨ। ਕਿਉਂ ਪ੍ਰਮਾਤਮਾ ਮਨੁੱਖੀ ਬੁੱਧੀ ਦੇ ਬਲ ਤੋਂ ਪਰ੍ਹੇ ਹੈ।

ਵੀ.ਪੀ.ਓ. ਗੋਹੀਰ
ਤਹਿਸੀਲ ਨਕੋਦਰ (ਜਲੰਧਰ

ਕੌਮੀ-ਜੀਵਨੀਆਂ ਦੀ ਲੜੀ ਵਿਚ : ਪ੍ਰੋ. ਜੋਗਿੰਦਰ ਸਿੰਘ ਕ੍ਰਿਤ—ਨਾਮਧਾਰੀ ਗੁਰੂ ਰਾਮ ਸਿੰਘ

—ਸੁਵਰਨ ਸਿੰਘ ਵਿਰਕ




ਸੁਵਰਨ ਸਿੰਘ ਵਿਰਕ

ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਬਾਅਦ, ਦੇਸ਼-ਭਗਤ ਪੰਜਾਬੀਆਂ ਨੇ ਇਸ ਨੂੰ ਤਨੋ ਮਨੋ ਪਰਵਾਨ ਨਹੀਂ ਕੀਤਾ। ਭਾਈ ਮਹਾਰਾਜ ਸਿੰਘ ਦੀ ਅਗੁਆਈ ਹੇਠ, ਕੁਝ ਵਰ੍ਹੇ ਇਕ ਲਹਿਰ ਸਰਗਰਮ ਰਹੀ, ਜਿਹਨਾਂ ਦੀਆਂ ਯੋਜਨਾਵਾਂ ਸਿਰੇ ਨਾ ਚੜ੍ਹੀਆਂ। ਅਖੀਰ ੧੮੪੯ ਈ. ਵਿਚ ਉਹਨਾਂ ਦੀ ਗਿਰਫਤਾਰੀ ਅਤੇ ਮੁੜ ਸਿੰਘਾਪੁਰ ਵਿਚ ਨਜ਼ਰਬੰਦੀ ਤੋਂ ਬਾਅਦ, ਪੰਜਾਬੀ ਜਨਤਾ ਦਾ ਅਸੰਤੁਸ਼ਟ ਭਾਗ, ਨਵੀਂ ਲਹਿਰ ਦੀ ਖੋਜ ਵਿਚ ਸੀ। ਇਹ ਲਹਿਰ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲਣ ਵਾਲੀ ਨਾਮਧਾਰੀ ਜਾਂ ਕੂਕਾ-ਲਹਿਰ ਸੀ। ਜਿਸ ਦਾ ਘੇਰਾ ਅਟਕ ਤੋਂ ਜਮਨਾ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਸੀ। ਲਹਿਰ ਦਾ ਸਰੂਪ ਧਾਰਮਿਕ ਸੀ ਅਤੇ ਇਸ ਦੀ ਗਿਰੀ ਰਾਜਨੈਤਿਕ ਸੀ। ਮਨੋਰਥ, ਸਿੱਖ ਜੀਵਨ ਜਾਚ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਕੇ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਾਜੇ ਸਿੱਖ-ਖਾਲਸਾ ਪੰਥ ਨੂੰ ਮੁੜ ਇਸਦੇ ਪੁਰਾਤਨ ਸਰੂਪ ਵਿਚ ਕਾਇਮ ਕਰਕੇ, ਬਸਤੀਵਾਦੀ ਅੰਗਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨਾ ਸੀ। ਲਹਿਰਾਂ ਆਪਣੇ ਨਾਇਕ ਆਪ ਲੱਭ ਲੈਂਦੀਆਂ ਹਨ ਅਤੇ ਲੋਕ ਹੀ ਇਤਿਹਾਸ ਦੀ ਚਾਲਕ ਸ਼ਕਤੀ ਹੁੰਦੇ ਹਨ। ਜੂਝਣ ਵਾਲੇ ਲੋਕ, ਸਤਿਗੁਰੂ ਰਾਮ ਸਿੰਘ ਜੋ ਲਹਿਰ ਦੇ ਮਹਾਂਨਾਇਕ ਸਨ, ਦੇ ਇਰਦ ਗਿਰਦ 'ਸੰਤ ਖਾਲਸੇ' ਦੇ ਰੂਪ ਵਿਚ ਜੁੜੇ ਗਏ ਅਤੇ ਸਰਕਾਰ-ਪਰਸਤ, ਜਗੀਰਦਾਰ, ਭੂ ਸਵਾਮੀ, ਸ਼ਾਹੂਕਾਰ, ਪੁਰੋਹਿਤ-ਪੁਜਾਰੀ ਵਰਗ ਇਹਦਾ ਵਿਰੋਧ ਕਰਨ ਲਈ 'ਮਲੇਛ ਖਾਲਸਾ' ਬਣ ਕੇ ਟੱਕਰਿਆ। ਇਹ ਲਹਿਰ ਮੁੱਖ ਤੌਰ ਤੇ ਸ਼ਾਂਤਮਈ ਸੀ ਪਰ ਕੁਝ ਖਾੜਕੂ ਸਿੰਘ ਵੀ ਆਪਣੇ ਨਿਸ਼ਾਨੇ ਤੱਕ ਛੇਤੀ ਪੁੱਜਣ ਲਈ, ਇਸ ਵਿਚ ਸਰਗਰਮ ਹੋ ਗਏ। ਸਰਕਾਰ ਦੀਆਂ ਕਠੋਰ ਦੰਡਾਤਮਕ ਕਾਰਵਾਈਆਂ ਕਾਰਨ, ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚ ਮਸਾਂ (੧੮੫੭-੧੮੭੨ ਈ.) ਪੰਦਰਾਂ ਕੁ ਸਾਲ ਹੀ ਕੰਮ ਕਰਨ ਦਾ ਮੌਕਾ ਮਿਲਿਆ। ਇਸ ਵਿਚੋਂ ਵੀ ਸਾਢੇ ਕੁ ਤਿੰਨ ਵਰ੍ਹੇ (੧੮੬੩-੬੬) ਉਹ, ਆਪਣੇ ਪਿੰਡ ਭੈਣੀ ਸਾਹਿਬ ਵਿਚ ਨਜ਼ਰਬੰਦ ਰਹੇ। ਫਿਰ ਉਹਨਾਂ ਨੂੰ ਨਿਕਟੀ ਸੂਬਿਆਂ ਸਮੇਤ ਅਲਾਹਾਬਾਦ, ਰੰਗੂਨ ਅਤੇ ਮੋਰਮਈ ਟਾਪੂ ਦੀ ਕੈਦ ਵਿਚ ੨੯ ਨਵੰਬਰ ੧੮੮੫ ਈ. ਤੱਕ ਰੱਖਿਆ ਗਿਆ। ਉਹਨਾਂ ਦੇ ਉੱਚੇ-ਸੁੱਚੇ ਕਿਰਦਾਰ ਅਤੇ ਸੰਘਰਸ਼ਸ਼ੀਲਤਾ ਤੋਂ ਨਾ ਸਿਰਫ ਪੰਜਾਬ ਦੇ ਆਮ ਲੋਕ ਸਗੋਂ ਉਹਨਾਂ ਦੇ ਵਿਰੋਧੀ ਅੰਗਰੇਜ਼ ਵੀ ਪ੍ਰਭਾਵਿਤ ਸਨ। ਕੂਕਾ ਲਹਿਰ ਦੇ ਮਹਾਂ-ਨਾਇਕ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਨੂੰ ਸਮਝੇ ਬਿਨਾਂ, ਇਸ ਇਤਿਹਾਸਕ ਲਹਿਰ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ ਜੋਖਾ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕਾਂ ਜਾਂ ਸਿੱਖਾਂ ਬਾਰੇ ਪ੍ਰਸਿੱਧ ਹੈ ਕਿ ਉਹ ਇਤਿਹਾਸ ਸਿਰਜ ਸਕਦੇ ਹਨ ਪਰ ਇਸਨੂੰ ਸੰਭਾਲਣ ਬਾਰੇ ਗੰਭੀਰ ਨਹੀਂ। ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜਾਂ ਉਹਨਾਂ ਦੀ ਲਹਿਰ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ 'ਨਾਮਧਾਰੀ ਗੁਰੂ ਰਾਮ ਸਿੰਘ ਚੇਅਰ' ਦੇ ਮੁਖੀ ਡਾ. ਜੋਗਿੰਦਰ ਸਿੰਘ ਹੋਰਾਂ ਵਲੋਂ 'ਕੌਮੀ ਜੀਵਨੀਆਂ' ਦੀ ਲੜੀ ਵਿਚ ਲਿਖੀ, ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ-ਕਥਾ, ਨੈਸ਼ਨਲ ਬੁੱਕ ਟਰਸਟ ਆਫ ਇੰਡੀਆ ਨੇ, ਹੁਣੇ ਜਿਹੇ (੨੦੧੦) ਛਾਪ ਦਿੱਤੀ ਹੈ।



ਡਾ. ਜੋਗਿੰਦਰ ਸਿੰਘ

ਪ੍ਰੋਫੈਸਰ ਸਾਹਿਬ ਦੁਆਰਾ ਅੰਗਰੇਜ਼ੀ ਭਾਸ਼ੀ, ਵਡੇਰੇ ਪਾਠਕ ਸਮੂਹ ਲਈ, ਲਿਖੀ ਇਸ ਮਹੱਤਵਪੂਰਨ ਜੀਵਨੀ ਤੇ ਚਰਚਾ ਕਰਨਾ ਤੋਂ ਪਹਿਲਾਂ, ਅਸੀਂ ਹੁਣ ਤਕ ਸਤਿਗੁਰੂ ਜੀ ਦੇ ਸਬੰਧ ਵਿਚ ਲਿਖੇ ਜੀਵਨੀ-ਸਾਹਿਤ ਤੇ ਸੰਖੇਪ ਚਰਚਾ ਕਰਾਂਗੇ। ਨਾਮਧਾਰੀ ਇਤਿਹਾਸ, ਜਿਸਦਾ ਇਹ ਜੀਵਨੀ ਇਕ ਪਰਮੁੱਖ ਅਧਿਆਇ ਹੈ ਉਸ ਬਾਰੇ ਦਸਤਾਵੇਜ਼ੀ ਸਬੂਤ ਤਾਂ ਆਪਦੇ ਸਮਕਾਲੀ ਅੰਗਰੇਜ਼ੀ ਅਧਿਕਾਰੀਆਂ ਦੀਆਂ ਸਰਕਾਰੀ



ਫਾਇਲਾਂ, ਚਿੱਠੀ ਪੱਤਰਾਂ ਅਤੇ ਯਾਦਦਾਸ਼ਤਾਂ ਵਿਚੋਂ ਮਿਲਦੇ ਹਨ, ਜਿਸ ਬਾਰੇ ਜ਼ਿਆਦਾ ਕੰਮ, ਭਾਈ ਨਾਹਰ ਸਿੰਘ ਐਮ. ਏ. ਨੰਗਲ ਕਲਾਂ (ਲੁਧਿਆਣਾ) ਦਾ ਹੈ। ਫਿਰ ਇਹਨਾਂ ਦਸਤਾਵੇਜ਼ਾਂ, ਜੋ ਪਹਿਲਾਂ ਤਿੰਨ ਭਾਗਾਂ ਵਿਚ ਛਪੇ ਸਨ, ਦਾ ਇਕ ਮੁਕੰਮਲ ਸੰਗ੍ਰਹਿ ਭਾਈ ਨਾਹਰ ਸਿੰਘ ਕਿਰਪਾਲ ਸਿੰਘ ਨੇ Robels Against the British Rule (Guru Ram Singh and the Kuka Sikhs) ਦੇ ਨਾਂ ਹੇਠ ਛਪਵਾਇਆ। ਇਸੇ ਤਰ੍ਹਾਂ ਜਸਵਿੰਦਰ ਸਿੰਘ ਹਿਸਟੋਰੀਅਨ Kuka Movement (Freedom Struggle in Punjab) ਅਤੇ Kukas of Note-1881 ਦੋ ਦਸਤਾਵੇਜ਼ਾਂ ਦੇ ਸੰਗ੍ਰਹਿ ਛਾਪ ਚੁੱਕੇ ਹਨ। ਦਸਤਾਵੇਜ਼ਾਂ ਦਾ ਚੌਥਾ ਭਾਗ ਅਜੇ ਵੀ ਭਿੰਨ ਭਿੰਨ ਥਾਵਾਂ ਤੇ ਅਣਛਪਿਆ ਪਿਆ ਹੈ, ਭਾਰਤ, ਪਾਕਿਸਤਾਨ, ਮਿਆਂਮਾਰ, ਇੰਗਲੈਂਡ ਆਦਿ ਦੇਸ਼ਾਂ ਵਿਚ। ਨਾਮਧਾਰੀਆਂ ਦੇ ਇਤਿਹਾਸਕ ਸਰੋਤ ਹਨ-ਸਤਿਗੁਰੂ ਬਿਲਾਸ (ਵਾਰਤਕ)-ਦੋ ਜਿਲਦਾਂ, ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਅਤੇ ਸਤਿਗੁਰੂ ਬਿਲਾਸ ਕ੍ਰਿਤ ਭਾਈ ਧਿਆਨ ਸਿੰਘ ਕਾਦਰਾਬਾਦੀ, ਬ੍ਰਜ ਕਵਿਤਾ ਵਿਚ। ਇਹਨਾਂ ਤੋਂ ਇਲਾਵਾ ਸਤਿਗੁਰੂ ਰਾਮ ਸਿੰਘ ਜੀ ਦੇ ਛਪੇ ਹੋਏ 'ਹੁਕਮਨਾਮੇ' ਵੀ ਉਹਨਾਂ ਦੀ ਸ਼ਖਸੀਅਤ ਅਤੇ ਸਿੱਖਿਆਵਾਂ ਨੂੰ ਸਮਝਣ ਲਈ ਉਪਯੋਗੀ ਸਾਹਿਤ ਹੈ। ਜਿਥੋਂ ਤੱਕ ਕੂਕਾ-ਮੁਖੀ ਤੇ ਲਿਖੇ ਜੀਵਨੀ-ਸਾਹਿਤ ਦਾ ਸਬੰਧ ਹੈ, ਇਹ ਬਹੁਤ ਜ਼ਿਆਦਾ ਨਹੀਂ ਮਿਲਦਾ। ਬੇਸ਼ਕ ਭਾਈ ਨਿਧਾਨ ਸਿੰਘ 'ਆਲਿਮ' ਦੁਆਰਾ ਲਿਖੀ, 'ਜੁੱਗ ਪਲਟਾਊ-ਸਤਿਗੁਰੂ (੧੯੪੭), ਭਾਈ ਨਾਹਰ ਸਿੰਘ ਐਮ. ਏ. ਦੁਆਰਾ ਰਚੀ ਨਾਮਧਾਰੀ ਇਤਿਹਾਸ (੧੯੫੫), ਡਾ. ਫੌਜਾ ਸਿੰਘ ਬਾਜਵਾ ਦੁਆਰਾ Kuka Movement (੧੯੬੫) ਅਤੇ ਸ੍ਰੀ ਐਮ. ਐਮ. ਆਹਲੂਵਾਲੀਆ ਦੁਆਰਾ Kukas (੧੯੬੫) ਵੀ ਨਾਮਧਾਰੀ ਇਤਿਹਾਸ ਬਾਰੇ ਤੱਥਪੂਰਵਕ ਸਮੱਗਰੀ ਜੁਟਾਉਣ ਅਤੇ ਵਿਗਿਆਨਿਕ ਵਿਧੀ ਨਾਲ ਇਤਿਹਾਸ ਦੀ ਪੇਸ਼ਕਾਰੀ ਕਰਨ ਵਾਲੀਆਂ ਪੁਸਤਕਾਂ ਹਨ, ਪਰ ਇਹਨਾਂ ਦਾ ਸ਼ੁਮਾਰ ਜੀਵਨੀ ਸਾਹਿਤ ਵਿਚ ਨਹੀਂ ਹੁੰਦਾ। ਅੰਗਰੇਜ਼ੀ ਵਿਚ ਕੁਝ ਯਤਨ ਬਾਅਦ ਵਿਚ ਯੋਗਿੰਦਰ ਬਾਲੀ ਅਤੇ ਕੁਝ ਹੋਰ ਲੇਖਕਾਂ ਨੇ ਵੀ ਕੀਤੇ, ਪੰਜਾਬੀ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਵਿਸਤਰਿਤ ਨਾਮਧਾਰੀ ਇਤਿਹਾਸ ਲਿਖਿਆ ਅਤੇ ਲਿਖ ਰਹੇ ਹਨ, ਸੁਰਗਵਾਸੀ ਸੰਤ ਦਲੀਪ ਸਿੰਘ ਨਾਮਧਾਰੀ ਅਤੇ ਪ੍ਰੋ. ਤਾਰਾ ਸਿੰਘ 'ਅਨਜਾਣ' ਦੋਵੇਂ ਨਾਮਧਾਰੀ ਲੇਖਕ ਵੀ, ਇਸ ਸਬੰਧ ਵਿਚ ਮਹੱਤਵਪੂਰਨ ਯੋਗਦਾਨ ਪਾ ਚੁੱਕੇ ਹਨ। ਅੰਗਰੇਜ਼ੀ ਵਿਚ, ਮੋਤੀ ਲਾਲ 'ਭਾਰਗਵ' ਨਾਂ ਦੇ ਵਿਦਵਾਨ ਸੱਜਣ ਨੇ ਦਸਤਾਵੇਜ਼ਾਂ ਤੇ ਆਧਾਰਿਤ ਸਤਿਗੁਰੂ ਜੀ ਦੀ "ਰਾਜਨੀਤਕ ਜੀਵਨੀ" ਬੜੇ ਸੰਖੇਪ ਰੂਪ ਵਿਚ ਲਿਖੀ ਹੈ, ਜੋ ਨਾਹਰ ਸਿੰਘ ਕਿਰਪਾਲ ਸਿੰਘ ਹੋਰਾਂ ਦੇ ਦਸਤਾਵੇਜ਼ੀ ਸੰਗ੍ਰਹਿ ਦੇ ਅਖੀਰ ਵਿਚ Part B ਦੇ ਤਹਿਤ ਛਾਪੀ ਗਈ ਹੈ। ਉਂਝ ਕਿਸੇ ਗ਼ੈਰ ਨਾਮਧਾਰੀ ਇਤਿਹਾਸਕਾਰ ਵਲੋਂ ਕੂਕਿਆਂ ਬਾਰੇ ਪ੍ਰੋ. ਗੰਡਾ ਸਿੰਘ ਹੋਰਾਂ ਵਲੋਂ ਪੰਜਾਬੀ ਵਿਚ 'ਕੂਕਿਆਂ ਦੀ ਵਿਥਿਆ" ਨਾਂ ਦੀ ਪਹਿਲੀ ਪੁਸਤਕ ੧੯੪੪ ਈ. ਵਿਚ ਛਪੀ ਸੀ। ਪ੍ਰੰਤੂ ਕੂਕਾ-ਲਹਿਰ ਅਤੇ ਇਸਦੇ ਆਗੂਆਂ ਪ੍ਰਤੀ, ਸੁਹਿਰਦਤਾ ਨਾਲ ਪੇਸ਼ ਨਾ ਆਉਣ ਕਾਰਨ, ਇਸਦਾ ਸ਼ੁਮਾਰ ਵਿਵਾਦ-ਗ੍ਰਸਤ ਲੇਖਣੀ ਵਿਚ ਹੁੰਦਾ ਹੈ।

ਸਭ ਤੋਂ ਪਹਿਲਾਂ ਪੰਜਾਬੀ ਵਿਚ, ਸਤਿਗੁਰੂ ਰਾਮ ਸਿੰਘ ਜਾਂ ਨਾਮਧਾਰੀ ਸਿੱਖਾਂ ਬਾਰੇ, ਨਾਮਧਾਰੀ ਦਰਬਾਰ ਦੇ ਸਪਤਾਹਿਕ ਪਰਚੇ ਸਤਿਜੁਗ ਦੇ ਬਸੰਤ ਅੰਕ ਵਿਚ ੧੯੩੦ ਈ. ਵਿਚ (ਜੋ ਭੈਣੀ ਸਾਹਿਬ ਤੋਂ ਛਪਦਾ ਸੀ)। ਇਸਦੇ ਸੰਪਾਦਕ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਪ੍ਰਸਿੱਧ ਸਿੱਖ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਦੇ ਨਿਵੇਦਨ ਤੇ 'ਸਤਿਗੁਰੂ ਰਾਮ ਸਿੰਘ ਜੀ ਦਾ ਸੰਖਛਿਪਤ ਜੀਵਨ' "ਗੁਰ-ਅਵਤਾਰ" ਨਾਂ ਦੇ ਇਕ ਦਰਮਿਆਨੀ ਪੁਸਤਕ ਦੇ ਆਕਾਰ ਦੇ ਮੁੱਖ ਲੇਖ ਨੂੰ ਇਕ ਇਤਿਹਾਸਕ ਸਰੋਤ ਵਜੋਂ ਵਰਤਦੇ ਰਹੇ, ਭਾਵੇਂ

ਚੱਕਰਵਰਤੀ ਜੀ ਨੂੰ ਸਰਕਾਰੀ ਰੀਕਾਰਡ ਤੱਕ ਉਸ ਸਮੇਂ (ਥੋਹੜੇ ਜਿਹੇ ਨੂੰ ਛੱਡ ਕੇ ਜੋ "Kuka outbreak" ਦੇ ਨਾਂ ਤੇ ਛਪ ਕੇ ਨਾਮਧਾਰੀ ਸਿੱਖਾਂ ਕੋਲ ਪੁੱਜ ਚੁੱਕਾ ਸੀ, ਰਸਾਈ ਨਹੀਂ ਸੀ। ਉਹਨਾਂ ਦਾ ਆਧਾਰ ਦੋਵੇਂ ਸਤਿਗੁਰੂ ਬਿਲਾਸ, ਸਤਿਗੁਰੂ ਪਰਤਾਪ ਸਿੰਘ ਅਤੇ ਉਹਨਾਂ ਦੀ ਮਾਤਾ ਜੀਵਨ ਕੌਰ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਪੁਰਾਤਨ ਨਾਮਧਾਰੀ ਸਿੰਘ ਸਨ, ਜਿਹਨਾਂ ਤੋਂ ਉਸ ਸਮੇਂ ਭੈਣੀ ਸਾਹਿਬ ਰਹਿੰਦਿਆਂ, ਚੱਕਰਵਰਤੀ ਜੀ ਨੇ ਉਹਨਾਂ ਦੇ ਅੱਖੀਂ ਡਿੱਠੇ ਸਮਾਚਾਰ ਸੁਣੇ ਸਨ। ਬਾਅਦ ਵਾਲੇ ਸਤਿਜੁਗ ਦੇ ਵਿਸ਼ੇਸ਼ ਅੰਕਾਂ ਵਿਚ ਵੀ ਚੱਕਰਵਰਤੀ ਜੀ ਨੇ 'ਰਾਹੁਲ ਸੰਕ੍ਰਤਾਇਨ' ਹੋਰਾਂ ਦੀ ਸ਼ੈਲੀ ਵਿਚ ਕਾਫੀ ਨਾਮਧਾਰੀ ਇਤਿਹਾਸ ਲਿਖਿਆ।

ਸਤਿਗੁਰੂ ਜੀ ਬਾਰੇ ਉਪਲਬਧ ਜੀਵਨੀ-ਸਾਹਿਤ ਵਿਚ ਮੇਰੀ ਜਾਚੇ ਹੁਣ ਤਕ ਲਿਖੀਆਂ ਛੋਟੀਆਂ ਮੋਟੀਆਂ ਰਚਨਾਵਾਂ ਵਿਚੋਂ, ਪ੍ਰੋ. ਜਸਵੰਤ ਸਿੰਘ ਜੱਸ ਹੋਰਾਂ ਦੀ ੧੯੫੮ ਵਿਚ ਲਿਖੀ ਜੀਵਨੀ-'ਬਾਬਾ ਰਾਮ ਸਿੰਘ ਨਾਮਧਾਰੀ' ਇਕ ਮਹੱਤਵਪੂਰਨ ਰਚਨਾ ਹੈ, ਜਿਸਦਾ ਸੋਧਿਆ ਸੰਸਕਰਣ, ੧੯੮੭ ਵਿਚ, ਨਿਊ ਬੁੱਕ ਕੰਪਨੀ, ਜਲੰਧਰ ਨੇ ਛਾਪਿਆ ਸੀ। ਇਸ ਲਈ ਸਮੱਗਰੀ ਜੁਟਾਉਣ ਵਿਚ ਲੇਖਕ ਨੇ ਨਾਮਧਾਰੀ ਦਰਬਾਰ ਦੇ ਸਾਰੇ ਹੀ ਸਰੋਤਾਂ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨਿਜੀ ਮੁਲਾਕਾਤਾਂ ਅਤੇ ਹੁਣ ਤੱਕ ਇਸ ਸਬੰਧ ਵਿਚ ਅੰਗਰੇਜ਼ੀ, ਹਿੰਦੀ, ਉਰਦੂ ਅਤੇ ਪੰਜਾਬੀ ਵਿਚ ਛਪੀਆਂ ਸੈਂਕੜੇ ਕਿਤਾਬਾਂ, ਰਿਸਾਲਿਆਂ ਅਤੇ ਅਖਬਾਰਾਂ ਦੀ ਵਰਤੋਂ ਕੀਤੀ ਸੀ। ਬੇਸ਼ਕ ਨਾਮਧਾਰੀ ਦਰਬਾਰ ਨੇ ਇਸ ਪੁਸਤਕ ਵਿਚ ਆਏ ਕੁਝ ਤੱਥਾਂ ਦੇ ਜੁਆਬ ਵਿਚ ਨਾਮਧਾਰੀ ਵਿਦਵਾਨ, ਸੰਤ ਤਰਨ ਸਿੰਘ ਵਹਿਮੀ ਤੋਂ "ਸਚਹੁੰ ਉਰੈ ਸਭਕੋ" ਨਾਮ ਦੀ ਪੁਸਤਕ ਵੀ ਲਿਖਾਈ ਸੀ, ਪ੍ਰੰਤੂ ਫਿਰ ਵੀ ਲੇਖਕ ਨੇ ਪਹਿਲੀ ਵੇਰ ਡਾ. ਗੰਡਾ ਸਿੰਘ ਹੋਰਾਂ ਦੀ ਇਸ ਪਰਸਥਾਪਨਾ ਕਿ ਨਾਮਧਾਰੀ ਲਹਿਰ ਮਾਤਰ ਧਾਰਮਕ ਸੁਧਾਰਕ ਲਹਿਰ ਸੀ ਸਿਆਸੀ ਬਿਲਕੁਲ ਨਹੀਂ, ਇਸ ਦਾ ਯੁਕਤੀਪੂਰਵਕ ਖੰਡਨ ਕਰਕੇ, ਇਸਨੂੰ ਖਾਲਸਾ ਰਾਜ ਦੀ ਪੁਨਰ ਸਥਾਪਨਾ (ਭਾਵ ਅੰਗਰੇਜ਼ ਹਾਕਮਾਂ ਦੀਆਂ ਦੇਸ਼ ਵਿਚੋਂ ਸਫਾਂ ਵਲ੍ਹੇਟਣ ਵਾਲੀ) ਲਈ ਸਰਗਰਮ ਲਹਿਰ ਕਹਿ ਕੇ, ਇਸਦੇ ਆਦਰਸ਼ਾਂ, ਪ੍ਰੋਗਰਾਮ, ਨਿਸ਼ਾਨਿਆਂ ਅਤੇ ਸਤਿਗੁਰੂ ਰਾਮ ਸਿੰਘ ਦੀ ਮਿਕਨਾਤੀਸੀ ਸ਼ਖਸੀਅਤ ਦੇ ਦਰਸ਼ਨ ਕਰਵਾਏ ਹਨ। ਬੇਸ਼ਕ ਗੰਡਾ ਸਿੰਘ ਹੋਰਾਂ ਦੀਆਂ ਉਕਾਈਆਂ ਅਤੇ ਪਰਸਥਾਪਨਾਵਾਂ ਨੂੰ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਕੂਕਿਆਂ ਬਾਰੇ (੧੯੫੭) ਅਤੇ ਅਮਰ ਭਾਰਤੀ ਨਾਂ ਦੇ ਇਕ ਹੋਰ ਨਾਮਧਾਰੀ ਵਿਦਵਾਨ ਨੇ 'ਸਿੱਖ-ਇਤਿਹਾਸ ਤੇ ਕੂਕੇ-ਇਕ ਤੁਲਨਾਤਮਕ ਅਧਿਆਨ' (੧੯੬੫) ਵਿਚ, ਨਾਮਧਾਰੀ ਨਜ਼ਰੀਏ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਬਿਆਨਣ ਦਾ ਯਤਨ ਕੀਤਾ ਹੈ ਫਿਰ ਵੀ ਗੰਡਾ ਸਿੰਘ ਹੋਰਾਂ ਦਾ ਸਥਾਨ ਕਿਉਂਕਿ ਪੰਜਾਬ ਦੇ ਚੋਟੀ ਦੇ ਇਤਿਹਾਸਕਾਰਾਂ ਵਿਚ ਸੁਨਿਸ਼ਚਿਤ ਹੋ ਚੁੱਕਾ ਸੀ, ਉਹਨਾਂ ਦੀਆਂ ਕੁਝ ਗੱਲਾਂ, ਹੋਰ ਲੇਖਕਾਂ ਜਿਉਂ ਜੱਸ ਸਾਹਿਬ ਵੀ ਦੁਹਰਾ ਜਾਂਦੇ ਹਨ। ਇਸੇ ਲਈ ਉਹ ਗੁਰੂ ਬਾਲਕ ਸਿੰਘ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਿਆ ਦਾਤੇ ਸਨ ਦਾ ਜਨਮ ਸਥਾਨ (ਛੋਈ) ਅਤੇ ਸੰਨ ੧੭੯੯ ਡਾ. ਗੰਡਾ ਸਿੰਘ ਵਾਲਾ ਲਿਖਦੇ ਹਨ ਜਦੋਂ ਕਿ ਨਾਮਧਾਰੀ ਇਸਨੂੰ ਕ੍ਰਮਵਾਰ ਸਰਵਾਲਾ ਤੇ ੧੭੮੫ ਮੰਨਦੇ ਹਨ। ਇਹਦਾ ਕਾਰਨ ਇਹ ਹੈ ਕਿ ਕਵੀਸ਼ਰ ਸ਼ੋਂਕਾ ਰਾਮ ਜਿਹਨਾਂ ਨੇ ਪੰਜਾਬੀ ਕਵਿਤਾ ਵਿਚ ਆਪਣੇ ਸਮਕਾਲੀ ਗੁਰੂ ਬਾਲਕ ਸਿੰਘ ਦਾ ਜੀਵਨ ਸਮਾਚਾਰ ਲਿਖਿਆ ਅਤੇ ਭੈਣੀ ਸਾਹਿਬ ਯਾਤਰਾ ਸਮੇਂ, ਹਜ਼ਰੋਂ ਸਾਹਿਬ ਦੇ ਮਹੰਤ ਕਾਹਨ ਸਿੰਘ ਤੋਂ ਉਹ ਪੋਥੀ, ਭਾਈ ਸੰਤੋਖ ਸਿੰਘ ਬਾਹੋਵਾਲ ਨੇ ਲੈ ਕੇ ਨੋਟ ਲਏ ਜਾਂ ਉਤਾਰਾ ਕੀਤਾ ਅਤੇ ਮੁੜ ਆਪਣੀ ਲਿਖਤ ਵਿਚ ਵਰਤ ਲਿਆ। ਇਹਨਾਂ ਨਾਮਧਾਰੀ ਸਰੋਤਾਂ ਤੱਕ, ਉਸ ਸਮੇਂ (੧੯੪੪) ਤੱਕ, ਗੈਰ-ਨਾਮਧਾਰੀ ਇਤਿਹਾਸਕਾਰਾਂ ਦੀ ਪਹੁੰਚ ਨਹੀਂ ਸੀ।

ਉਂਜ ਪ੍ਰੋ. ਜਸਵੰਤ ਸਿੰਘ ਹੋਰਾਂ ਦੀ ਸਾਰੀ ਪੁਸਤਕ ਤੇ ਹੀ "ਨਾਮਧਾਰੀ ਇਤਿਹਾਸ" ਕ੍ਰਿਤ ਨਾਹਰ ਸਿੰਘ ਐਮ. ਏ. ਦਾ ਚੋਖਾ ਪ੍ਰਭਾਵ ਹੈ, ਜਿਸ ਕਾਰਨ ਉਹ ਵਾਕਿਆਤ ਦੇ ਬਿਆਨ ਸਮੇਂ ਲਹਿਰ ਪ੍ਰਤੀ, ਕਿਸੇ ਤਰ੍ਹਾਂ ਦੀ ਵੀ ਦਵੇਸ਼ ਭਾਵਨਾ ਤੋਂ ਮੁਕਤ ਹੋ ਕੇ ਲਿਖਦੇ ਹਨ। ਡਾ. ਫੌਜਾ ਸਿੰਘ ਅਤੇ ਹੋਰ ਮਗਰਲੇ ਲੇਖਕਾਂ ਨੇ ਵੀ ਨਾਹਰ ਸਿੰਘ ਹੋਰਾਂ ਦੀਆਂ ਪਰਸਥਾਪਨਾਵਾਂ ਨੂੰ ਹੂ ਬ ਹੂ ਆਪਣਾ ਲਿਆ ਹੈ, ਜਿਸ ਕਾਰਨ ਉਹ ਇਸ ਮਹਾਨ ਲਹਿਰ ਨਾਲ ਨਿਆਂ ਕਰ ਸੱਕੇ ਹਨ। ਇਤਿਹਾਸਕ ਤਾਰੀਕਾਂ ਵਿਚ ਵੀ ਪ੍ਰੋ. ਸਾਹਿਬ ਟਪਲਾ ਖਾਂਦੇ ਹਨ ਜਿਹਾ ਕਿ ਗੁਰੂ ਬਾਲਕ ਸਿੰਘ ਨਾਲ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੀ ਮੁਲਾਕਾਤ ਦਾ ਸਾਲ ਉਹ ੧੮੪੧ ਦੀ ਬਜਾਏ ੧੮੩੮ ਲਿਖ ਜਾਂਦੇ ਹਨ। ਪ੍ਰੋ. ਜਸਵੰਤ ਸਿੰਘ ਜੱਸ ਇਕ ਨਵਾਂ ਤੱਥ ਇਹ ਵੀ ਨੋਟ ਕਰਦੇ ਹਨ ਕਿ ਖਾਲਸਾ-ਖਾਨਾ ਜੰਗੀ ਤੋਂ ਚਿੰਤਿਤ 'ਬਾਬਾ ਰਾਮ ਸਿੰਘ' ਲਾਹੌਰ ਦਰਬਾਰ ਦੇ ਆਗੂਆਂ ਤੱਕ ਆਪਣੀ ਰਾਇ ਪੁਚਾਈ ਸੀ ਕਿ ਜੇ ਮਿਲ ਬੈਠ ਕੇ ਮਸਲੇ ਹੱਲ ਨਾ ਕੀਤੇ ਤਾਂ ਆਪਣਾ ਹਸ਼ਰ ਮਾੜਾ ਹੋਵੇਗਾ।[1] ਕਿਉਂਕਿ ਉਸ ਸਮੇਂ ਤੱਕ ਨਾਮਧਾਰੀ ਸਤਿਗੁਰੂ ਜੀ ਨਾਲ ਗਰਿਫਤਾਰ ਕੀਤੇ ਗਏ ਸੂਬਿਆਂ ਦੇ ਆਖਰੀ ਸਮੇਂ ਬਾਰੇ ਸਰਕਾਰੀ ਰੀਕਾਰਡ ਅਜੇ ਛਪਿਆ ਨਹੀਂ ਸੀ, ਇਸ ਲਈ ਜੱਸ ਸਾਹਿਬ ਉਹਨਾਂ ਬਾਰੇ ਅਤੇ ਸਤਿਗੁਰੂ ਜੀ ਦੇ ਬੰਦੀ-ਜੀਵਨ ਬਾਰੇ ਵੀ ਵੇਰਵੇ

ਨਹੀਂ ਦੱਸ ਸਕੇ। ਨਾਹਰ ਸਿੰਘ ਅਤੇ ਹੋਰ ਨਾਮਧਾਰੀ ਸਰੋਤਾਂ ਤੋਂ ਇਲਾਵਾ, ਉਹ ਸੰਤ ਇੰਦਰ ਸਿੰਘ ਚੱਕਰਵਰਤੀ ਰਚਿਤ ਮਾਲਵੇਂਦਰ ਦੀ ਵੀ ਵਾਕਿਆਤ ਬਿਆਨੀ ਵਿਚ ਵਰਤੋਂ ਕਰਦੇ ਹਨ। ਫਿਰ ਵੀ ਆਪਦੀ ਸ਼ੈਲੀ ਬੜੀ ਰੋਚਕ, ਵਾਕ ਬਣਤਰ ਸਰਲ ਸਪੱਸ਼ਟ ਅਤੇ ਪ੍ਰਸਿੱਧ ਗਰੰਥਾਂ ਦੀਆਂ ਟੂਕਾਂ ਨਾਲ ਮਾਲਾਮਾਲ ਹੈ। 'ਅਨੰਦ-ਮਰਿਆਦਾਂ' ਵਾਲੇ ਕਾਂਡ ਵਿਚ ਉਹ 'ਸੌ-ਸਾਖੀ' ਦੀ ਇਸ ਤੁਕ ਦੁਆਰਾ ਗ੍ਰਹਿਸਤ ਜੀਵਨ ਦੀ ਸੁੱਚਤਾ ਬਾਰੇ ਗੁਰੂ ਉਪਦੇਸ਼ ਦ੍ਰਿੜਾਉਂਦੇ ਹਨ-

"ਬਿਨਾਂ ਅਨੰਦ ਬਿਵਾਹ ਕੇ, ਭੁਗਤੇ ਪਰ ਕੀ ਜੋਇ॥

ਸੁਣ ਸਿਖਾ ਗੁਰ ਕਹਿ ਥਕੇ, ਮੇਰਾ ਸਿਖ ਨਾ ਸੋਇ।...

(ਸੌ ਸਾਖੀ)

ਹੋਰਨਾਂ ਤੋਂ ਇਲਾਵਾ ਲੰਗਰ ਬਾਰੇ, 'ਸਦਾ ਵਰਤ', 'ਕੂਕਾ ਜਥੇਬੰਦੀ', 'ਨਾਮਧਾਰੀ ਸੱਭਿਆਚਾਰ', 'ਕੂਕਾ ਲੋਕ-ਸਾਹਿਤ', 'ਨਿਜੀ ਸ਼ਖਸੀਅਤ ਤੇ ਇਤਿਹਾਸਕ ਮਹਾਨਤਾ' ਆਦਿ ਅਧਿਆਏ ਕੂਕਾ ਮੁਖੀ ਅਤੇ ਉਹਨਾਂ ਦੇ ਮਹਾਨ ਅੰਦੋਲਨ ਬਾਰੇ ਤੱਥ ਭਰਪੂਰ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਉਹ ਇਸ ਅੰਦੋਲਨ ਨੂੰ ਸਮਾਜ ਸੁਧਾਰਕ ਅਤੇ ਰਾਜਨੀਤਕ ਸੁਤੰਤਰਤਾ ਲਈ ਲੜਿਆ ਜਾ ਰਿਹਾ ਅੰਦੋਲਨ ਮੰਨਦੇ ਹਨ। ਪ੍ਰੰਤੂ ਇਤਿਹਾਸਕ ਖੋਜ ਅਜੇ ਕਿਉਂਕਿ ਅਗਲੇਰੇ ਪੜਾਵਾਂ ਵਿਚ ਨਹੀਂ ਸੀ ਪੁੱਜੀ, ਜਿੱਥੇ ਇਹਨੂੰ ਬਸਤੀਵਾਦ ਵਿਰੋਧੀ, ਰਾਸ਼ਟਰ ਵਿਆਪੀ ਅਤੇ ਕੌਮਾਂਤਰੀ ਚੌਖਟੇ ਵਿਚ ਰੱਖ ਕੇ ਵਿਚਾਰਿਆ ਜਾ ਸੱਕਦਾ, ਇਸ ਲਈ ਇਹ ਵੱਡ-ਮੁੱਲਾ ਕਾਰਜ ਪ੍ਰੋ. ਜੋਗਿੰਦਰ ਸਿੰਘ ਹੋਰਾਂ ਦੀ ਲਿਖੀ "ਨਾਮਧਾਰੀ ਗੁਰੂ ਰਾਮ ਸਿੰਘ" ਨਾਂ ਦੀ ਜੀਵਨੀ-ਮੂਲਕ ਪੁਸਤਕ ਦੁਆਰਾ ਪੂਰਨ ਹੋਇਆ ਹੈ। ਇਸ ਪੁਸਤਕ ਵਿਚ ਸਰਕਾਰੀ ਦਸਤਾਵੇਜ਼ਾਂ, ਨਾਮਧਾਰੀ ਦਰਬਾਰ ਅਤੇ ਉਹਨਾਂ ਦੁਆਰਾ ਛਪਦੇ ਪੱਤਰ-ਪਤਰਿਕਾਵਾਂ, ਨਾਮਧਾਰੀ ਲੇਖਕਾਂ ਦੀਆਂ ਪੁਸਤਕਾਂ ਅਤੇ ਕੂਕਿਆਂ ਬਾਰੇ ਹੁਣ ਤੱਕ ਪੁਸਤਕਾਂ ਖੋਜ-ਪੱਤਰਾਂ ਅਤੇ ਰਿਸਾਲਿਆਂ ਆਦਿ ਵਿਚ ਪਰਕਾਸ਼ਿਤ ਦੇਸੀ-ਵਿਦੇਸ਼ੀ ਵਿਦਵਾਨਾਂ ਦੀ ਭਰਪੂਰ ਸਮੱਗਰੀ ਜੋ ਪਹਿਲੇ ਤੇ ਦੂਜੇ ਸੋਮਿਆਂ ਵਿਚ ਵੰਡੀ ਹੈ, ਦੀ ਭਰਪੂਰ ਵਰਤੋਂ ਕੀਤੀ ਗਈ ਹੈ।

੨੦੦ ਤੋਂ ਵੱਧ ਸਫਿਆਂ ਤੇ ਫੈਲੀ ਇਸ ਪੁਸਤਕ ਨੂੰ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਨਾਮਧਾਰੀ ਗੁਰੂ ਦੇ ਸਮਕਾਲੀਆਂ' ਬਾਰੇ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਵਿਚ ੬੦ ਫੀਸਦੀ ਸਦੀ ਸਿੱਖ ਸਨ, ਇਕ ਚੌਥਾਈ ਹਿੰਦੂ ਅਤੇ ਦਰਜਨ ਭਰ ਮੁਸਲਮਾਨ ਸਨ। ਇਹ ਸਾਰੇ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਸਨ। ਇਹਨਾਂ ਸਿੱਖਾਂ ਵਿਚੋਂ ਬਹੁਗਿਣਤੀ ਜੱਟਾਂ ਅਤੇ ਹਿੰਦੂਆਂ ਵਿਚੋਂ ਇਹਨਾਂ ਜ਼ਿਲ੍ਹਿਆਂ ਦੇ ਬਰਾਹਮਣਾਂ ਖੱਤਰੀਆਂ ਦੀ ਸੀ। ਰਣਜੀਤ ਸਿੰਘ ਦੇ ਕਈ ਅਹਿਲਕਾਰ ਮੁਸਲਮਾਨਾਂ ਵਿਚੋਂ ਜ਼ਿਆਦਾ ਸਨ ਕਾਰਦਾਰ ਅਤੇ ਕਾਨੂੰਨਗੋ ਵਗੈਰਾ। ਨਵੇਂ ਪਰਬੰਧਕੀ ਢਾਂਚੇ ਨੇ ਸਿੱਖ ਸਰਦਾਰਾਂ ਦੀ ਚੜ੍ਹਤ ਬਹੁਤ ਘਟਾ ਦਿੱਤੀ। ਸੈਨਾ ਅਤੇ ਪੁਲੀਸ ਵਿਚ ਹੁਣ ਸਿੱਖਾਂ ਦੀ ਬਜਾਏ ਮੁਸਲਮਾਨਾਂ ਦਾ ਬੋਲਬੋਲਾ ਹੋ ਗਿਆ। ਸਿੱਖਾਂ ਦੀ ਆਰਥਿਕਤਾ ਤੇ ਖਾਲਸਾ ਦਰਬਾਰ ਦੀ ਸੈਨਾ ਟੁੱਟਣ ਨਾਲ ਸੱਟ ਵੱਜੀ। ਈਸਾਈ ਮਿਸ਼ਨਰੀ ਸਰਗਰਮ ਹੋਏ। ਆਖਰੀ ਨਾਬਾਲਿਗ ਸਿੱਖ ਮਹਾਰਾਜਾ ਦਲੀਪ ਸਿੰਘ ਈਸਾਈ ਬਨਾਉਣ ਨਾਲ ਰੋਸ ਫੈਲਣਾ ਲਾਜ਼ਮੀ ਸੀ। ਜਿਵੇਂ ਉੱਪਰ ਜ਼ਿਕਰ ਆਇਆ ਹੈ ਮਹਾਰਾਜ ਰਣਜੀਤ ਸਿੰਘ ਦੀ ਮ੍ਰਿਤੂ ਬਾਦ ਵਾਲੇ ਘਟਨਾ-ਕ੍ਰਮ ਤੋਂ ਸਤਿਗੁਰੂ ਰਾਮ ਸਿੰਘ ਚਿੰਤਤ ਸਨ।

੧੮੫੭ ਦੇ ਪਹਿਲੇ ਕੌਮੀ ਵਿਦਰੋਹ ਸਮੇਂ, ਸਿੱਖ ਸਰਦਾਰਾਂ ਅਤੇ ਜਗੀਰਦਾਰ ਤਬਕੇ ਨੂੰ, ਜਗੀਰਾਂ ਅਤੇ ਸੈਨਿਕ ਅਹੁਦਿਆਂ ਨਾਲ ਨਿਵਾਜ ਕੇ ਅੰਗਰੇਜ਼ਾਂ ਨੇ ਇਹਨਾਂ ਨੂੰ ਆਪਣੇ ਰਾਜ ਦੀ ਰਾਖੀ ਲਈ ਵਰਤਿਆ। ੧੮੬੦ ਦੇ ਨੇੜੇ ਤੇੜੇ ਇਹਨਾਂ ਵਿਚੋਂ ਕੁਝ ਸਰਦਾਰ ਆਨਰੇਰੀ ਮੈਜਿਸਟਰੇਟ ਬਣਾਏ ਗਏ। ਇਹਨਾਂ ਪ੍ਰਲੋਭਨਾਂ ਕਰਕੇ ਸਿੱਖਾਂ ਦੀਆਂ ਅੰਗਰੇਜ਼ਾਂ ਨਾਲ ਹੋਈਆਂ ਜੰਗਾਂ ਸਮੇਂ, ਉਹਨਾਂ ਦਾ ਵਿਰੋਧ ਕਰਨ ਵਾਲੇ ਸਿੱਖ ਸਰਦਾਰ ਵੀ ਅੰਗਰੇਜ਼ ਸੱਤਾ ਨਾਲ ਜੁੜਨ ਵਿਚ ਭਲਾ ਸਮਝਣ ਲੱਗੇ। ਨਵੇਂ ਕਾਨੂੰਨ ਅਨੁਸਾਰ ਇਤਿਹਾਸਕ ਸਿੱਖ-ਗੁਰਦੁਆਰਿਆਂ ਦੀਆਂ ਜ਼ਮੀਨਾਂ, ਪੁਜਾਰੀਆਂ ਦੇ ਨਾਂ ਲੁਆਉਣ ਕਾਰਨ, ਇਹ ਸਿੱਖ ਪੁਰੋਹਿਤ ਵਰਗ ਵੀ ਅੰਗਰੇਜ਼ ਭਗਤ ਹੋ ਗਿਆ। ਸਿੱਖ ਤਖਤਾਂ ਦੇ ਸਰਬਰਾਹ ਸਰਕਾਰ ਦੁਆਰਾ ਥਾਪੇ ਜਾਣ ਕਾਰਨ, ਉਹਨਾਂ ਦੇ ਹੱਥ-ਠੋਕੇ ਬਣ ਗਏ। ਪਹਿਲੇ ਤੇ ਚੌਥੇ ਗੁਰੂ ਸਾਹਿਬ ਦੇ ਵੰਸ਼ਜਾਂ ਵਿਚੋਂ, ਸੋਢੀ ਤੇ ਬੇਦੀ ਵੀ, ਜਿਹੜੇ ਰਾਜ ਨਾਲ ਜੁੜ ਗਏ, ਉਹ ਹਜ਼ਾਰਾਂ ਏਕੜ ਜ਼ਮੀਨਾਂ ਅਤੇ ਹੋਰ ਰਿਆਇਤਾਂ ਹਥਿਆ ਕੇ ਭੋਲੀ ਭਾਲੀ ਸਿੱਖ ਜਨਤਾ ਨੂੰ ਲੁੱਟਣ ਲੱਗ ਪਏ, ਤਾਂ ਹੀ ਇਹ ਕਹਾਵਤ ਹੋਂਦ ਵਿਚ ਆਈ-

"ਸੱਪੋਂ, ਸ਼ੀਹੋਂ, ਸੋਢੀਉਂ, ਬਖਸ਼ ਲਈਂ ਕਰਤਾਰ"

ਪ੍ਰੰਤੂ ਪ੍ਰੋਫੈਸਰ ਸਾਹਿਬ, ਅਜਿਹੇ ਨਕਲੀ ਧਰਮ ਮੁਖੀਆਂ ਦੀ ਬਜਾਏ, ਭਾਈ ਬੀਰ ਸਿੰਘ ਨੌਰੰਗਾਬਾਦੀਏ ਦੇ ਚੇਲੇ, ਦੇਸ਼-ਭਗਤ ਭਾਈ ਮਹਾਰਾਜ ਸਿੰਘ ਦੀ ਖਾੜਕੂ ਪਰੰਪਰਾ ਦੇ ਵੀ ਅਤੇ ਗੁਰੂ ਬਾਲਕ ਸਿੰਘ ਦੀ ਜਗਿਆਸੀ-ਅਭਿਆਸੀ ਪਰੰਪਰਾ ਦੇ, ਵਾਰਿਸ ਸਤਿਗੁਰੂ ਰਾਮ ਸਿੰਘ ਨੂੰ ਮੰਨਦੇ ਹਨ। ਵੈਸੇ ਇਸ ਅਧਿਆਇ ਵਿਚ ਸੁਯੋਗ ਲੇਖਕ ਨੇ ਉਸ ਸਮੇਂ ਦੇ ਪੰਜਾਬ ਦੇ

ਸਾਰੇ ਹੀ ਪ੍ਰਸਿੱਧ ਸਿੱਖ ਡੇਰਿਆਂ ਅਤੇ ਸੰਤਾਂ ਬਾਬਿਆਂ ਦਾ ਵੇਰਵਾ ਦਿੱਤਾ ਹੈ ਜਿਹਨਾਂ ਤੋਂ ਚੱਲਣ ਵਾਲੀਆਂ ਕਈ ਟਕਸਾਲਾਂ ਅੱਜ ਵੀ ਸੇਵਾ ਅਤੇ ਸਿੱਖੀ ਪਰਚਾਰ ਵਿਚ ਸਰਗਰਮ ਹਨ। ਇਸ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਪੰਜਾਬ ਵਿਚ ਸਿੱਖੀ ਵਾਯੂਮੰਡਲ ਨੂੰ ਸਮਝਣ ਵਿਚ ਇਕ ਸਪੱਸ਼ਟ ਸਮਝ ਬਣਦੀ ਹੈ। ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਉਹ ਖਾਲਸਾ-ਸਿੱਖ, ਉਦਾਸੀ, ਨਿਰਮਲੇ, ਕੂਕਾ-ਸਿੱਖ ਅਤੇ ਨਿਹੰਗ ਸਿੰਘਾਂ ਨੂੰ ਪੰਥਕ ਪਰਿਵਾਰ ਵਿਚ ਹੀ ਗਿਣਦਾ ਹੈ। ਨਾਮਧਾਰੀ, ਗੁਰ ਸਿੱਖ ਰਹਿਤ ਮਰਿਆਦਾ ਅਤੇ ਪਰੰਪਰਾ ਦੇ ਧਾਰਨੀ ਦੱਸੇ ਗਏ ਹਨ। ਉਹਨਾਂ ਨੇ ਪੁਰਾਣੀਆਂ ਮਨਾਉਤਾਂ ਤਿਆਗਣੀਆਂ ਹਨ, ਜਿਵੇਂ ਭਾਈ ਸੰਤੋਖ ਸਿੰਘ ਲਿਖਦੇ ਹਨ :

"ਪੀਰਨ ਔਰ ਫਕੀਰਨ ਤੇ ਕੋਊ ਕਾਮ ਨਾ ਸੌਰਤ ਹੈ ਜਗ ਮਾਹੀ।

ਹੋਤ ਹੈ ਕਾਮ ਬਿਲੰਬ ਬਿਨਾਂ ਜਬ ਸਿੱਖਨ ਪਹਿ ਅਰਦਾਸ ਕਰਾਹੀਂ।"... (ਸ੍ਰੀ ਗੁਰੂ ਪ੍ਰਤਾਪ ਸੂਰਜ)

'ਸਮਾਜਿਕ ਪ੍ਰਿਸ਼ਠ ਭੂਮੀ' ਵਾਲੇ ਅਧਿਆਇ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਵਡੇਰੇ, ਬੰਗਲੌਰ ਤੋਂ ਅਲਵਰ ਅਤੇ ਅਲਵਰ ਤੋਂ ਪੰਜਾਬ ਦੇ ਪਿੰਡ ਵੱਡੀ ਲਲਤੋਂ ਵਿਚ ਆਏ ਦੱਸੇ ਹਨ। ਬੰਗਲੌਰ ਵਾਲੀ ਗੱਲ ਦੇ ਸਬੰਧ ਵਿਚ ਪ੍ਰੋਫੈਸਰ ਸਾਹਿਬ ਦੇ ਸਰੋਤ ਨੂੰ ਟਪਲਾ ਲੱਗਾ ਹੈ। ਨਾਮਧਾਰੀ ਪਰੰਪਰਾ ਵਿਚ ਮੇਰਠ ਵਲੋਂ ਆਉਣ ਦਾ ਜ਼ਿਕਰ ਵੀ ਹੁੰਦਾ ਹੈ। ਸਤਿਗੁਰੂ ਜੀ ਦੇ ਵਡੇਰੇ ਸਿਖੀ ਦੇ ਘੇਰੇ ਵਿਚ, ਬਾਗੜੀਆਂ ਦੇ ਭਾਈ ਪਰਿਵਾਰ ਦੇ ਪੁਰਖਿਆਂ ਦੁਆਰਾ, ਲਿਆਂਦੇ ਲਿਖੇ ਗਏ ਹਨ। ਬਚਪਨ ਵਿਚ ਸਤਿਗੁਰੂ ਜੀ ਕੁਝ ਸਮਾਂ ਬਿਲਗੇ ਦੀ ਧਰਮਸ਼ਾਲਾ ਵਿਚ ਵੀ ਪੜ੍ਹਦੇ ਰਹੇ। ਉਹਨਾਂ ਦੇ ਹੁਕਮਨਾਮਿਆਂ ਮੁਤਾਬਿਕ, ਉਦਾਸੀ ਤੇ ਨਿਰਮਲੇ ਤੇ ਚੇਲੇ ਵੀ ਰਹੇ। ਪ੍ਰੰਤੂ ਉਹਨਾਂ ਨੂੰ ਸਕੂਨ ਗੁਰੂ ਬਾਲਕ ਸਿੰਘ ਦੁਆਰਾ ਦੱਸੇ ਨਾਮ ਤੋਂ ਹੀ ਮਿਲਿਆ।

ਪਰਿਵਾਰਿਕ ਰਾਜਗੀਰੀ ਦਾ ਕੰਮ ਸਿਖਣ ਬਾਅਦ, ਆਪ ਨੇ ਲੁਧਿਆਣੇ ਬਣ ਰਹੇ ਚਰਚ ਦੀ ਉਸਾਰੀ ਵੀ ਕੀਤੀ ਅਤੇ ਈਸਾਈ ਮੱਤ ਦੀਆਂ ਸਾਦਾ ਸਿੱਖਿਆਵਾਂ ਵੱਲ ਰੁਚਿਤ ਵੀ ਹੋਏ। ਇਸ ਤੋਂ ਉਹ ਸਿੱਖ ਧਰਮ ਦੀਆਂ ਮੂਲ ਸਿੱਖਿਆਵਾਂ ਨੂੰ ਸ਼ੁੱਧ ਰੂਪ ਵਿਚ ਸਮਝਣ ਲਈ ਗਹਿਰਾ ਅਧਿਅਨ, ਚਿੰਤਨ ਤੇ ਮਨਨ ਕਰਦੇ ਰਹੇ। ਫੌਜੀ ਨੌਕਰੀ ਸਮੇਂ ਵੀ ਵਿਹਲੇ ਸਮੇਂ ਉਹ ਨਾਮ ਸਿਮਰਨ ਵਿਚ ਜੁੱਟ ਜਾਂਦੇ। ਕੁਦਰਤ ਦੇ ਕਾਨੂੰਨਾਂ ਦੀ ਗਹਿਰੀ ਸਮਝ ਕਾਰਨ ਹੀ ਉਹ ਸਿੱਖ ਰਾਜ ਦੇ ਪਤਨ ਬਾਰੇ ਭਵਿਖਬਾਣੀਆਂ ਕਰਨ ਦੇ ਯੋਗ ਹੋਏ। ਡਾਕਟਰ ਸਾਹਿਬ ਮੁਤਾਬਕ ਮੁਦਕੀ ਦੀ ਲੜਾਈ ਸਮੇਂ ਦਰਿਆ ਵਿਚ ਬੰਦੂਕ ਸੁੱਟਣੀ ਆਪ ਦੀ ਦੂਰ ਦਰਿਸ਼ਤਾ ਦਾ ਪ੍ਰਣਾਮ ਸੀ ਨਾ ਕਿ ਦੇਸ਼ ਭਗਤੀ ਦਾ ਅਭਾਵ। ਗੁਰੂ ਬਾਲਕ ਸਿੰਘ ਦੇ ਤਿੰਨ ਪਿਆਰੇ ਚੇਲੇ ਦੱਸੇ ਗਏ ਹਨ : (੧) ਹਜਰੋ ਸਾਹਿਬ ਵਿਚ ਕਾਹਨ ਸਿੰਘ ਜੋ ਬਾਅਦ ਵਿਚ ਮਹੰਤ ਬਣਿਆ। (੨) ਅੰਮ੍ਰਿਤਸਰ ਵਿਚ ਲਾਲ ਸਿੰਘ ਅਤੇ (੩) ਭੈਣੀ ਸਾਹਿਬ ਵਿਚ (ਸਤਿਗੁਰੂ) ਰਾਮ ਸਿੰਘ। ਸਰਕਾਰੀ ਰੀਕਾਰਡ ਵਿਚ ਇਹ ਤਿੰਨੋ ਨਾਮ ਹਨ। ਪਰ ਅੰਮ੍ਰਿਤਸਰ ਵਾਲਾ ਲਾਲ ਸਿੰਘ, ਮੁੜ ਕੇ ਪਰਗਟ ਨਹੀਂ ਹੁੰਦਾ। ਕਿਤੇ ਇਹ ਆਪ ਦੁਆਰਾ ਸਾਜੇ ਪੰਜਾਂ ਪਿਆਰਿਆਂ ਵਿਚੋਂ ਇਕ, ਭਾਈ ਲਾਭ ਸਿੰਘ ਰਾਗੀ ਹੀ ਤਾਂ ਨਹੀਂ ਸੀ ਜੋ ਅੰਮ੍ਰਿਤਸਰ ਵਿਚ ਲੰਮਾਂ ਸਮਾਂ ਰਹੇ?

ਤੀਸਰਾ ਕਾਂਡ "ਨਾਮਧਾਰੀ ਮੱਤ ਦੀ ਰਣਨੀਤੀ ਅਤੇ ਸੰਗਠਨ" ਨੂੰ ਬੜੇ ਵਿਸਥਾਰ ਸਹਿਤ ਸ਼ਾਨਦਾਰ ਢੰਗ ਨਾਲ ਬਿਆਨ ਕਰਦਾ ਹੈ। ਡਾ. ਗੰਡਾ ਸਿੰਘ ਅਤੇ ਉਹਨਾਂ ਦੇ ਕੁਝ ਹਮਖਿਆਲ, ਨਾਮਧਾਰੀ ਮੱਤ ਨੂੰ ਇਕ ਧਾਰਮਿਕ ਸੁਧਾਰਕ, ਚੌਖਟੇ ਵਿਚ ਹੀ ਵੇਖਦੇ ਹਨ, ਜਦੋਂ ਕਿ ਫੌਜਾ ਸਿੰਘ ਬਾਜਵਾ ਅਤੇ ਐਮ. ਐਮ. ਆਹਲੂਵਾਲੀਆ, ਇਸ ਨੂੰ ਖਾਲਸਾ ਰਾਜ ਦੀ ਪੁਨਰ ਸਥਾਪਨਾ ਵਲ ਸੇਧਿਤ ਦੱਸਦੇ ਹਨ। ਵੈਸੇ ਪ੍ਰੋ. ਜੋਗਿੰਦਰ ਸਿੰਘ ਇਸਦੇ ਤਿੰਨ ਪੜਾਅ ਦੱਸਦੇ ਹਨ ਪਹਿਲਾ ਗੁਰੂ ਬਾਲਕ ਸਿੰਘ (੧੭੮੫-੧੮੬੨) ਦੇ ਅਧੀਨ ਨਾਮ ਸਿਮਰਨ ਵਾਲਾ ਸਹਿਜਧਾਰੀ ਸਿੱਖ-ਭਾਈਚਾਰਾ, ਫਿਰ ਅਪ੍ਰੈਲ ੧੮੫੭ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦੀ ਅਗੁਆਈ ਵਿਚ ਤਿਆਰ ਬਰ ਤਿਆਰ ਖਾਲਸਾ ਅਤੇ ਫਿਰ ਤੀਜੇ ਪੜਾਅ ਵਿਚ ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਵੱਲ ਵਧਣਾ। ਵੈਸੇ ਪ੍ਰੋ. ਸਾਹਿਬ, ਗੰਡਾ ਸਿੰਘ ਅਤੇ ਹੋਰ ਲੇਖਕਾਂ ਦੇ ਪ੍ਰਭਾਵ ਵਿਚ ਗੁਰੂ ਬਾਲਕ ਸਿੰਘ ਜੀ ਨੂੰ ਸਾਈਂ ਜਵਾਹਰ ਮੱਲ ਹੋਰਾਂ ਦਾ ਚੇਲਾ ਲਿਖਦੇ ਹਨ, ਜਦੋਂ ਕਿ ਨਾਮਧਾਰੀ ਪਰੰਪਰਾ ਮੁਤਾਬਿਕ ਸਾਈਂ ਜੀ ਨੂੰ ਤਾਂ ਗੁਰੂ ਬਾਲਕ ਸਿੰਘ ਜੀ ਨੇ ਰਾਵਲਪਿੰਡੀ ਵਾਸਤੇ ਮੰਜੀ ਬਖਸ਼ੀ ਸੀ। ਸਾਈਂ ਜੀ ਗੁਰੂ ਬਾਲਕ ਸਿੰਘ ਦੇ ਬੜੇ ਪਿਆਰੇ ਸਿੱਖ ਸਨ।

ਭਾਈ ਰਾਇ ਸਿੰਘ ਮਧੀਰ (ਫੀਰੋਜ਼ਪੁਰ) ਨੂੰ ਸ੍ਰੀ ਹਜ਼ੂਰ ਸਾਹਿਬ ਭੇਜ ਕੇ, ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਵਾਲੀ, ਸਿੱਖ ਜੀਵਨ ਜਾਚ ਲਈ, ਰਹਿਤ ਮਰਿਆਦਾ, ਉਥੋਂ ਮੰਗਵਾ ਕੇ, ਆਪਣੇ ਪੰਥ ਵਿਚ ਲਾਗੂ ਕੀਤੀ। ਆਪ ਪਰਿਵਾਰ ਸਮੇਤ ਖੰਡੇ ਦਾ ਅੰਮ੍ਰਿਤ ਬਾਬਾ ਜਵਾਹਰ ਸਿੰਘ (ਬਾਦ ਵਿਚ ਥਾਪੇ ਮੁਖੀ ਸੂਬੇ) ਤੋਂ ਛਕਿਆ। ਮਾਈਆਂ ਨੂੰ ਮਰਿਆਦਾ ਧਾਰਨ ਕਰਵਾਉਣ, ਅੰਮ੍ਰਿਤ ਛਕਾਉਣ ਤੇ ਅਨੰਦ-ਪ੍ਰਥਾ ਵਿਆਹ ਲਈ, ਲਾਗੂ ਕਰਵਾਉਣ ਬਾਦ, ੧੮੬੩ ਵਿਚ ਆਪ ਸਰਕਾਰੀ ਨਿਗਰਾਨੀ ਹੇਠ ਆ

ਗਏ। ਪ੍ਰੋ. ਜੋਗਿੰਦਰ ਸਿੰਘ 'ਨਿਰੰਕਾਰੀ ਦਰਬਾਰ ਰਾਵਲਪਿੰਡੀ' ਦੁਆਰਾ ਅਨੰਦ ਕਾਰਜ ਮਰਿਆਦਾ ਦੁਆਰਾ ਵਿਆਹ ਹੋਣਾ ਲਿਖਦੇ ਹਨ ਜਦੋਂ ਕਿ ਗਿਆਨੀ ਗਿਆਨ ਸਿੰਘ ਇਸ ਦੇ ਖੰਡਨ ਵਿਚ ਲਿਖਦੇ ਹਨ। "ਸ੍ਰੀ ਰਾਮ ਸਿੰਘ ਕੂਕੇ ਪਹਿਲੇ। ਅਨੰਦ ਸੁ ਛੰਦ ਪੜ੍ਹਾਏ ਸਹਿਲੇ।".... (ਭੁਪਿੰਦਰਾ ਨੰਦ)

ਗੁਰਬਾਣੀ-ਕੀਰਤਨ ਲਈ ਪਿੰਡਾਂ ਵਿਚ ਨਾਮਧਾਰੀਆਂ ਦੀਆਂ ਆਪਣੀਆਂ ਧਰਮਸ਼ਾਲਾਵਾਂ ਬਣਾਈਆਂ ਗਈਆਂ। ਪੰਜਾਬ ਦੇ ਭਿੰਨ ਭਿੰਨ ਜ਼ਿਲ੍ਹਿਆਂ/ਇਲਾਕਿਆਂ ਲਈ ਰਾਗੀ/ਢਾਡੀ ਜਥੇ ਨੀਅਤ ਕਰਕੇ, ਦਿਨਾਂ ਵਿਚ ਹੀ ਸਿੱਖੀ ਬਾਗ ਦੀਆਂ ਰੌਣਕਾਂ ਮਹਿਕਾਂ ਵੰਡਣ ਲੱਗੀਆਂ। ਤੇਜ਼ੀ ਨਾਲ ਪਰਚਾਰ ਦੌਰੇ ਅਰੰਭੇ ਗਏ। ਸਿੱਖ ਦਰਬਾਰ ਦੇ ਪੁਰਾਣੇ ਸੈਨਿਕ ਅਤੇ ਵੱਖ-ਵੱਖ ਭੇਖਾਂ ਦੇ ਸਾਧੂ ਸੰਤ, ਉਹਨਾਂ ਦੇ ਮੁਖੀ, ਗੁਰਮਤਿ ਜੀਵਨ-ਜਾਚ ਅਤੇ ਮੁਕਤੀ ਸੰਗਰਾਮ ਨਾਲ ਜੁੜਨ ਲਈ ਭੈਣੀ ਸਾਹਿਬ ਵਲ ਵਹੀਰਾਂ ਘੱਤ ਤੁਰੇ। ਸਤਿਗੁਰੂ ਜੀ ਦੇ ਦੌਰਿਆਂ ਵਿਚ ੧੦੦ ਤੋਂ ੫੦੦ ਤੱਕ ਦੀ ਸੰਗਤ ਆਪ ਨਾਲ ਹੁੰਦੀ। ਫਿਰ ਹਜ਼ਾਰਾਂ ਸੰਗਤਾਂ ਨੂੰ ਸੰਬੋਧਿਤ ਹੋਣ ਲਈ ਆਪ ਨੇ ਸਿੱਖ/ਹਿੰਦੂ ਤੀਰਥਾਂ ਤੇ ਵੱਡੇ ਪੁਰਬਾਂ ਸਮੇਂ ਜਾਣਾ ਅਰੰਭਿਆ ਤਾਂ ਜੁ ਆਪਦੇ ਪਰਚਾਰ ਦਾ ਘੇਰਾ ਹੋਰ ਵਿਸਤਰਿਤ ਹੋ ਸੱਕੇ। ਦੂਜੇ ਪਾਸੇ ਦੀਵਾਲੀ ੧੮੬੨ ਦੀ ਅੰਮ੍ਰਿਤਸਰ ਯਾਤਰਾ ਸਮੇਂ ਤੋਂ ਹੀ ਸਿੱਖ ਪੁਰੋਹਿਤ ਵਰਗ ਨੇ ਆਪ ਦੀ ਅਰਦਾਸ ਨਾ ਕਰਕੇ, ਸੱਤਾਧਾਰੀਆਂ ਨੂੰ ਖੁਸ਼ ਕਰਨ ਲਈ, ਸਿੱਖੀ ਦੀ ਮੁੱਖ ਧਾਰਾ ਵਿਚੋਂ ਕੂਕਿਆਂ ਨੂੰ ਲਾਂਭੇ ਕਰਨ ਦਾ ਮੁੱਢ ਬੰਨ੍ਹਿਆ। ਇਸ ਗੱਲ ਦਾ ਪ੍ਰਗਟਾਵਾ, ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚੋਂ ਵੀ ਮਿਲਦਾ ਹੈ।[2] ਇਸੇ ਸਾਲ ਮਾਘੀ ਦੇ ਮੇਲੇ ਤੇ ਮੁਕਤਸਰ ਜਾਣ ਸਮੇਂ, ਟਿਬੀ ਸਾਹਿਬ ਵੱਲ ਲਾਠੀ, ਸਫਾ ਜੰਗ, ਸਲੋਤਰ, ਹੋਰ ਕੁਝ ਨਹੀਂ ਤਾਂ ਜਵਾਰ ਦੇ ਟਾਂਡੇ ਹੀ ਮੋਢਿਆਂ ਤੇ ਹਥਿਆਰਾਂ ਜਿਉਂ ਟਿਕਾ ਕੇ, ਧਾਵੇ ਦੀ ਸ਼ਕਲ ਤੇ ਹੱਲਾ ਕਰਨ ਦੀ ਕਾਰਵਾਈ ਨੂੰ, ਅੰਗਰੇਜ਼ ਅਧਿਕਾਰੀਆਂ ਨੇ ਸ਼ੱਕ ਦੀ ਉਸ ਨਜ਼ਰ ਨਾਲ ਵੇਖਣਾ ਅਰੰਭਿਆ, ਜਿਸ ਤੇ ਦੋਹਾਂ ਧਿਰਾਂ ਵਿਚ ਬੋਲ ਬੁਲਾਰਾ ਵੀ ਹੋਇਆ ਅਤੇ ਨਾਮਧਾਰੀ ਤੇ ਸਰਕਾਰੀ ਹਾਕਮਾਂ ਦੇ ੯੦ ਸਾਲ ਦੇ ਲੰਬੇ ਵੈਰ ਦਾ ਮੁੱਢ ਵੀ ਬੱਝ ਗਿਆ।[3] ਇਸੇ ਮਾਘੀ ਤੇ ਪਰਕਰਮਾ ਵਿਚ ਲੁੱਚੇ-ਲਫੰਗਿਆਂ ਨੂੰ ਗੰਦੀਆਂ ਦੋ-ਅਰਥੀ ਬੋਲੀਆਂ ਪਾਉਣ ਅਤੇ ਅਸ਼ਲੀਲ ਹਰਕਤਾਂ ਕਰਨ ਤੋਂ ਕੂਕੇ ਸਿੰਘਾਂ ਨੇ ਚੰਗਾ ਸੋਧਾ ਵੀ ਲਾਇਆ, ਜਿਸ ਘਟਨਾ ਨੂੰ ਲੋਕਗੀਤਾਂ ਨੇ ਸਾਂਭ ਲਿਆ:

"ਕੂਕੇ ਗੌਣ ਲੱਗਣ ਨਾਂ ਦਿੰਦੇ, ਮੇਲਾ ਮੁਖਸਰ ਦਾ"

ਇਸਤਰੀ ਜਾਤੀ ਪ੍ਰਤੀ ਸਤਿਗੁਰੂ ਰਾਮ ਸਿੰਘ ਦੇ ਉਪਕਾਰਾਂ ਨੇ, ਆਪਨੂੰ ਵਿਸ਼ਵ ਦੇ ਚੋਟੀ ਦੇ ਸਮਾਜ-ਸੁਧਾਰਕਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। 'ਨੜੀ-ਮਾਰ' ਅਤੇ 'ਕੁੜੀ-ਮਾਰ' ਨਾਲ ਕਿਸੇ ਕਿਸਮ ਦਾ ਮੇਲ ਜੋਲ ਨਾ ਰੱਖਣ ਵਾਲੀ, ਸਿੱਖ ਰਹਿਤ ਨਾਮਿਆਂ ਦੀ ਸਿੱਖਿਆ, ਆਪ ਨੇ ਆਪਣੇ ਸਾਜੇ ਸੰਤ-ਖਾਲਸੇ ਉਤੇ ਅੱਖਰ ਅੱਖਰ ਲਾਗੂ ਕਰ ਵਿਖਾਈ। ਵਿਦੇਸ਼ੀ ਮਾਲ ਅਤੇ ਸੰਸਥਾਵਾਂ ਦਾ ਬਾਈਕਾਟ, ਸਵਦੇਸ਼ੀ ਦਾ ਪਰਚਾਰ, ਧਰਮਸ਼ਾਲਾਵਾਂ ਵਿਚ ਨਿਯੁਕਤ, ਗਰੰਥੀ ਸਿੰਘ ਦੁਆਰਾ ਬੱਚਿਆਂ ਨੂੰ ਗੁਰਮੁਖੀ ਅੱਖਰ ਅਤੇ ਗੁਰਬਾਣੀ ਦੇ ਪਾਠ ਦੀ ਸਿੱਖਿਆ ਦਿੱਤੀ ਜਾਂਦੀ। ਨਾਮਧਾਰੀ ਸਿੰਘਾਂ ਦੇ ਆਪਣੇ ਡਾਕ ਸਿਸਟਮ ਦੀ ਸਫਲਤਾ ਤੋਂ ਵੀ ਵਿਦੇਸ਼ੀ ਹਾਕਮ ਭੈਭੀਤ ਹੋਏ। ਉਹ ਖੁੱਲ੍ਹਮ ਖੁਲ੍ਹਾ ਪਰਚਾਰ ਕਰਦੇ ਸਨ ਕਿ ਜਦੋਂ ਵੀ ਉਹਨਾਂ ਦੀ ਗਿਣਤੀ ਤਸੱਲੀ ਬਖਸ਼ ਹੋ ਗਈ, ਇਹ ਸਾਰੀ ਧਰਤੀ ਉਨ੍ਹਾਂ ਦੀ ਹੋਵੇਗੀ। ਮੜ੍ਹੀ-ਮਸਾਣਾਂ, ਦੇਵੀ-ਦੁਆਰੇ, ਕਬਰਾਂ ਸਮਾਧਾਂ, ਮਾੜ੍ਹੀਆਂ, ਥਾਨ ਆਦਿ ਪੁਰਾਣੀ ਮਾਨਤਾ ਦੇ ਚਿੰਨ੍ਹਾਂ ਨੂੰ ਪੰਜਾਬ ਦੇ ਕੂਕਾ ਪ੍ਰਭਾਵ ਵਾਲੇ ਜ਼ਿਲ੍ਹਿਆਂ ਵਿਚ ੧੮੬੬ ਵਿਚ ਢਹਿ ਢੇਰੀ ਕਰਨ ਦਾ ਕਾਰਜ ਵੀ, ਕੂਕਿਆਂ ਨੇ ਅਰੰਭਿਆ। ਆਪਣੀ ਨਿਰਭੈਤਾ ਦਾ ਪ੍ਰਗਟਾਵਾ, ਪੁਰਾਣੇ ਮਨਾਉਤ ਕੇਂਦਰਾਂ ਅਤੇ ਸਰਕਾਰੀ ਕਾਨੂੰਨ ਪ੍ਰਤੀ ਬੇਰੁਖੀ ਰਾਹੀਂ ਕੀਤਾ। ਅਨੇਕਾਂ ਤੇ ਮੁਕਦਮੇ ਵੀ ਚੱਲੇ।

ਸੰਨ ੧੮੬੭ ਵਿਚ, ਤਕਰੀਬਨ ਸਾਢੇ ਤਿੰਨ ਸਾਲ ਦੀ ਪਾਬੰਦੀ ਬਾਅਦ, ਨਾਮਧਾਰੀ ਸਤਿਗੁਰੂ ਅਤੇ ਸੰਗਤਾਂ ਦੇ ਇਕੱਠ ਤੋਂ ਸਰਕਾਰੀ ਪਾਬੰਦੀਆਂ, ਸਰਕਾਰ ਨੇ ਇਸ ਕਰਕੇ ਚੁੱਕੀਆਂ ਕਿ ਰੋਕਾਂ ਦੇ ਬਾਵਜੂਦ ਇਹ ਪੰਥ ਇਹਨਾਂ ਸਾਲਾਂ ਵਿਚ ਵਧਦਾ ਜਾ ਰਿਹਾ ਹੈ, ਕਿਉਂਕਿ ਕੂਕਾ ਗੁਰੂ ਤੋਂ ਸਰਕਾਰ ਨੂੰ ਮਾਲੂਮ ਹੋਣ ਵਾਲਾ ਭਾਰੀ ਖਤਰਾ, ਆਮ ਲੋਕਾਂ ਨੂੰ ਉਹਨਾਂ ਵੱਲ ਖਿੱਚ ਰਿਹਾ ਹੈ। ਇਸ ਵਰ੍ਹੇ ਅਨੰਦਪੁਰ ਸਾਹਿਬ ਵਿਚ ਮਾਰਚ ਦੇ ਮਹੀਨੇ ਸਰਕਾਰੀ ਰੀਕਾਰਡ ਮੁਤਾਬਿਕ ੮੦੦੦ ਕੂਕਿਆਂ ਸਣੇ, ਸਤਿਗੁਰੂ ਜੀ ਪੁੱਜੇ। ਨਾਮਧਾਰੀ ਸਰੋਤ ਇਹ ਗਿਣਤੀ ੨੦ ਤੋਂ ੨੫ ਹਜ਼ਾਰ ਦੱਸਦੇ ਹਨ :-

"ਚੜ੍ਹਿਆ ਏ ਦਲ ਵੀਹ ਪੰਝੀ ਹਜ਼ਾਰ ਦਾ
ਕੰਬ ਰਿਹਾ ਦਿਲ ਗੋਰੀ ਸਰਕਾਰ ਦਾ
ਸਾਗਰ ਦੇ ਵਾਂਗ ਪੰਥ ਠਾਠਾਂ ਮਾਰਦਾ
ਤਰ ਰਿਹਾ ਆਪ ਸੀ ਹੋਰਾਂ ਨੂੰ ਤਾਰਦਾ
ਠੁਮਕ ਠੁਮਕ ਚੀਨੀ ਧਰੇ ਖੁਰ ਨੂੰ
ਚੱਲੇ ਸਤਿਗੁਰੂ ਜੀ ਅਨੰਦਪੁਰ ਨੂੰ।"[4]

ਉਸ ਸਮੇਂ ਦੇ 'ਪੰਥ-ਪਰਕਾਸ਼', ਸਾਖੀ ਸਾਹਿਤ ਆਦਿ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਆਮ ਨਾਮਧਾਰੀ ਸਿੱਖ, ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਅਵਤਾਰ ਸਮਝਦੇ ਸਨ। ਇਕ ਮਗਰਲਾ ਨਾਮਧਾਰੀ ਕਵੀ,

ਹਰਨਾਮ ਸਿੰਘ ਬਗੁਲੀ ਕਲਾ ਵੀ, ਆਪਣੀ ਰਚਨਾ ਵਿਚ ਇਹੋ ਭਾਵ ਪ੍ਰਗਟਾਉਂਦਾ ਹੈ :

"ਮੁੜਕੇ ਕਿਲਾ ਅਨੰਦਪੁਰ ਦੇਖਣੇ ਨੂੰ,
ਗੁਰੂ ਬਾਰ੍ਹਵੇਂ ਜਾਮੇ ਨੂੰ ਧਾਰ ਚੱਲੇ
ਸਜ ਧਜ ਕੇ ਸੰਗਤਾਂ ਨਾਲ ਸਤਿਗੁਰ,
ਉਤੇ ਘੋੜਿਆਂ ਹੋਇ ਅਸਵਾਰ ਚੱਲੇ
ਭੀੜ ਭਾੜ ਭਾਰੀ ਸੰਗਤ ਪੈਦਲਾਂ ਦੀ,
ਘੋੜ ਚੜ੍ਹੇ ਭੀ ਕਈ ਹਜ਼ਾਰ ਚੱਲੇ
ਸੋਢੀ ਸਾਹਿਬ, ਮਹੰਤ ਅਨੰਦਪੁਰ ਦੇ,
ਡਿਪਟੀ ਸਾਹਿਬ ਨੂੰ ਦੇਵਣੇ ਤਾਰ ਚੱਲੇ
ਕੂਕੇ ਚਲੇ ਆਉਂਦੇ ਕਿਲਾ ਲੁੱਟਣੇ ਨੂੰ,
ਬਾਗੀ ਲੋਕ ਚਲੌਣ ਹਥਿਆਰ ਚੱਲੇ
ਡਿਪਟੀ ਸਾਹਿਬ ਅੰਬਾਲੇ ਤੋਂ ਫੌਜ ਲੈ ਕੇ,
ਬੰਦੋਬਸਤ ਦੇ ਲੀਏ ਸਰਕਾਰ ਚੱਲੇ
ਲੈ ਕੇ ਫੌਜਾਂ ਦੇ ਜਥੇ ਅਨੰਦਪੁਰ ਨੂੰ,
ਪੁਲਸ ਫੌਜ ਦੇ ਸਿਪਾਰ ਸਲਾਰ ਚੱਲੇ
ਪਹੁੰਚੇ ਮੇਲੇ ਤੇ ਗੁਰੂ ਹਰਨਾਮ ਸਿੰਘਾ,
ਰੋਪੜ ਪਿੰਡ ਨੂੰ ਬਖਸ਼ ਦੀਦਾਰ ਚੱਲੇ"[5]

ਡਾ. ਗੰਡਾ ਸਿੰਘ ਦੀ, ਮੀਰ ਫਜ਼ਲ ਹੁਸੈਨ ਇੰਸਪੈਕਟਰ ਪੁਲਿਸ ਦੀ ਲਿਖਤ ਦੀ ਮਾਰਫਤ ਇਹ ਟਿੱਪਣੀ ਕਿ ਸਿੱਖ ਧਰਮ ਸਥਾਨਾਂ ਅਤੇ ਤਖਤਾਂ ਤੇ ਗੁਰੂ ਰਾਮ ਸਿੰਘ ਦੇ ਜਾਣ ਦਾ ਮਕਸਦ, ਪੁਜਾਰੀ ਵਰਗ ਦੁਆਰਾ ਉਹਨਾਂ ਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਵਾਲਾ ਰੁਤਬਾ ਦਿੱਤੇ ਜਾਣਾ ਸੀ, ਜੋ ਨਾ ਮਿਲਣ ਤੇ ਇਹਨਾਂ ਯਾਤਰਾਵਾਂ ਨੇ ਗੁਰੂ ਰਾਮ ਸਿੰਘ ਨੂੰ ਨਿਰਾਸ ਕੀਤਾ। ਪ੍ਰੰਤੂ ਜਦੋਂ ਸਿੱਖੀ ਦੇ ਬੁਨਿਆਦੀ ਅਸੂਲਾਂ ਬਾਰੇ, ਪੁਜਾਰੀ ਸਮੁਦਾਇ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਵਿਚਾਰ ਚਰਚਾ ਕੀਤੀ ਤਾਂ ਨਾਮਧਾਰੀ ਜੀਵਨ ਜਾਚ, ਬੁਨਿਆਦੀ ਸਿੱਖ ਰਹਿਤ ਮਰਿਆਦਾ ਦੇ, ਪੁਜਾਰੀ ਸਮੂੰਹ ਤੋਂ ਕਿਤੇ ਵੱਧ ਅਨੁਕੂਲ ਪਾਈ ਗਈ। ਪ੍ਰੋ. ਜੋਗਿੰਦਰ ਸਿੰਘ ਦੇ ਇਹ ਸ਼ਬਦ ਇਤਿਹਾਸਕ ਸਚਾਈ ਬਿਆਨ ਦੇ ਹਨ, "ਨਾਮਧਾਰੀ ਗੁਰੂ ਰਾਮ ਸਿੰਘ ਦੀ ਅਨੰਦਪੁਰ ਯਾਤਰਾ ਇਸ ਪੱਖੋਂ ਸਫਲ ਸੀ ਕਿ ਆਪਨੇ ਪੁਜਾਰੀਆਂ ਦੀ ਜੀਵਨ ਸ਼ੈਲੀ ਤੇ ਇਕ ਨੈਤਿਕ ਫਤਹਿ ਹਾਸਲ ਕੀਤੀ। ਉਹ ਇਸਦੇ ਰੂਪ ਤੇ ਜੋਰ ਦੇਣ ਦੀ ਬਜਾਏ ਸਿੱਖੀ ਦੀ ਆਤਮਾ ਵਿੱਚ ਗਹਿਰੀ ਆਸਥਾ ਰੱਖਦੇ ਸਨ, ਇਹ ਕੂਕਿਆਂ ਦੇ ਜਨਤਕ ਆਧਾਰ ਦੇ ਪਰਦਰਸ਼ਨ ਵਿਚ ਵੀ ਸਫਲ ਸੀ, ਜਿਹੜੇ ੮੦੦੦ ਦੀ ਗਿਣਤੀ ਵਿਚ ਸਨ ਜਿਹਨਾਂ ਵਿਚੋਂ ਦੋ ਤਿਹਾਈ ਪੁਰਖ ਅਤੇ ਇਕ ਤਿਹਾਈ ਬੱਚੇ-ਬੀਬੀਆਂ ਸਨ। ਉਥੋਂ ਦੇ ਸੋਢੀ ਵੀ ਸਤਿਗੁਰੂ ਜੀ ਦੇ ਮੱਤ ਦੀ ਅਪੀਲ ਤੋਂ ਪ੍ਰਭਾਵਿਤ ਹੋਏ।[6]

'ਸਮਾਜਿਕ-ਧਾਰਮਿਕ ਸੁਧਾਰਾਂ ਦੇ ਪਰਚਾਰ ਲਈ ਸੂਬਿਆਂ ਦੀ ਸਥਾਪਨਾ ਬਹੁਤ ਮਹੱਤਪੂਰਨ ਕਦਮ ਸੀ। ਜਿਹਨਾਂ ਦੀ ਪਹਿਲਾਂ ਸੰਖਿਆ ੬ ਸੀ ਅਤੇ ਫਿਰ ੨੨ ਹੋ ਗਈ।' ਇਲਾਕੇ ਵੰਡ ਕੇ ਇਹਨਾਂ ਨੂੰ ਦਿਤੇ ਗਏ। 'ਗਿਆਨੀ ਗਿਆਨ ਸਿੰਘ ਅਕਬਰ ਦੀ ਤਰਜ਼ ਤੇ ਬਣਾਏ ੨੨ ਸੂਬੇ ਲਿਖਦੇ ਹਨ। ਨਾਮਧਾਰੀ ਲੇਖਕ ਗੁਰੂ ਅਮਰਦਾਸ ਜੀ ਦੀਆਂ ਬਾਈ ਮੰਜੀਆਂ ਨਾਲ ਜੋੜਦੇ ਹਨ। 'ਸੂਬਿਆਂ ਤੋਂ ਅਗੇ ਨਾਇਬ-ਸੂਬੇ ਜਥੇਦਾਰ, ਗਰੰਥੀ ਅਤੇ ਸਥਾਨਕ ਸੰਗਤ ਸੀ।' ਦਰਅਸਲ ਇਹਨਾਂ ਵਿਚੋਂ ਬਹੁਤ ਸਾਰੇ ਸੂਬੇ ਉਦਾਸੀ, ਨਿਰਮਲੇ, ਬੈਰਾਗੀ, ਨਿਹੰਗ ਆਦਿ ਫਿਰਕਿਆਂ ਦੇ ਮੁਖੀ, ਬਹੁਤ ਸਾਰੇ ਸਿੱਖ ਦਰਬਾਰ ਦੇ ਪੂਰਵ ਸੈਨਿਕ ਅਤੇ ਕਈ ੧੮੫੭ ਦੇ ਪਹਿਲੇ ਅਸਫਲ ਵਿਦਰੋਹ ਵਿਚ ਭਾਗ ਲੈਣ ਵਾਲੇ ਸੂਰਬੀਰ ਸਨ। ਇਸ ਲਈ ਕੂਕਾ ਲਹਿਰ ਨੂੰ ਵਿਆਪਕ ਪ੍ਰਭਸ਼ਾਲੀ ਲੋਕ ਲਹਿਰ ਬਨਾਉਣ ਵਿਚ ਇਹਨਾਂ ਲੋਕ-ਨਾਇਕਾਂ ਦੀ ਸਰਗਰਮ ਭੂਮਿਕਾ ਇਤਿਹਾਸ ਵਿਚ ਉਘਾ ਸਥਾਨ ਘੇਰਦੀ ਹੈ। ਸੂਬਿਆਂ ਦੀ ਗਿਣਤੀ ਸਰਕਾਰੀ ਰੀਕਾਰਡ ਮੁਤਾਬਿਕ ਕਈ ਵੇਰ ੪੦ ਤੱਕ ਵੀ ਪੁੱਜ ਜਾਂਦੀ ਹੈ। ਡਾਕਟਰ ਸਾਹਿਬ ੧੮੬੭ ਤੱਕ ਕੂਕਿਆਂ ਵਿਚ ਸਰਗਰਮ ਕਾਰਕੁੰਨਾਂ ਦੀ ਸੰਖਿਆ ਦਸਤਾਵੇਜ਼ਾਂ ਦੇ ਆਧਾਰ ਤੇ ੧੧੦ ਤੱਕ ਲਿਖਦੇ ਹਨ। ਇਹਨਾਂ ਸੂਬਿਆਂ ਵਿੱਚ ਤਕਰੀਬਨ ਦੋ ਤਿਹਾਈ ਜੱਟ, ਇਕ ਚੌਥਾਈ ਰਾਮਗੜ੍ਹੀਏ, ਅਤੇ ਬਾਕੀ ਇਕ-ਇਕ ਬ੍ਰਾਹਮਣ, ਸਾਧ (ਹੋ ਸੱਕਦਾ ਹੈ ਇਹ ਵੀ ਜੱਟ ਹੋਵੇ), ਘੁਮਿਆਰ ਅਤੇ ਆਹਲੂਵਾਲੀਆ (ਕਲਾਲ) ਸਨ। ਜ਼ਿਆਦਾ ਸੂਬੇ ਸੋਲਾਂ ੪੦ ਸਾਲਾਂ ਤੋਂ ਵੱਧ ਨਹੀਂ ਸਨ, ਤਿੰਨ ਤਾਂ ੩੦ ਸਾਲ ਤੋਂ ਵੀ ਥੱਲੇ ਸਨ, ਚਾਰ ੪੦ ਤੋਂ ੫੦ ਤੱਕ, ਇੱਕ ਦੀ ਉਮਰ ੬੦ ਅਤੇ ਹੋਰ ਦੀ ੭੦ ਸਾਲ ਸੀ।

ਇਸੇ ਸਾਲ ਅਕਤੂਬਰ ਮਹੀਨੇ ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਦੇ ਸਮੇਂ ਵੀ ਸਤਿਗੁਰੂ ਜੀ ਦਾ ਪੂਰਾ ਇਕ ਮਹੀਨਾ ਇੱਥੇ ਠਹਿਰਨ ਦਾ ਵਿਦਵਾਨ ਲੇਖਕ ਨੇ ਜ਼ਿਕਰ ਕੀਤਾ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਕੌੜਮੇਂ ਦੇ ਸ. ਸ਼ਮਸ਼ੇਰ ਸਿੰਘ ਅਤੇ ਸ. ਠਾਕਰ ਸਿੰਘ ਸੰਧਾਵਾਲੀਏ ਭਰਾਵਾਂ ਦਾ, ਸਤਿਗੁਰੂ ਜੀ ਨੂੰ ਭੇਟਾ ਸਹਿਤ ਮਿਲਣ ਦਾ ਜ਼ਿਕਰ ਹੈ, ਜਿਸ ਨੂੰ ਜ਼ਿਮੀਦਾਰਾਂ ਉਤੇ ਲਹਿਰ ਦਾ ਵਧਦਾ ਪ੍ਰਭਾਵ ਦੱਸਿਆ ਹੈ। ਇਹ ਸ. ਠਾਕੁਰ ਸਿੰਘ ਬਾਅਦ ਵਿਚ ਰੂਸ, ਮਹਾਰਾਜਾ ਦਲੀਪ ਸਿੰਘ ਅਤੇ ਕੂਕਾ ਸਬੰਧਾਂ ਵਿਚਾਲੇ, ਜੋ ਅੰਗਰੇਜ਼ਾਂ ਦੇ ਖਿਲਾਫ ਬਣਾਏ ਜਾ ਰਹੇ ਸਨ, ਇਕ ਮਹੱਤਵਪੂਰਨ ਕੜੀ ਸੀ। ਪ੍ਰੋ. ਸਾਹਿਬ ਅੰਗਰੇਜ਼, ਅਧਿਕਾਰੀਆਂ ਦੁਆਰਾ ਲਹਿਰ ਅਤੇ ਇਸ ਦੇ ਆਗੂਆਂ ਦੇ ਚਰਿੱਤਰ ਹਨਨ ਦੀਆਂ, ਸਰਕਾਰੀ

ਰੀਪੋਰਟਾਂ, ਜੋ ਲਿਖਦੀਆਂ ਸਨ ਕਿ ਕੂਕਿਆਂ ਦੀ ਸੰਖਿਆ ੧੮੬੮ ਵਿਚ ਘਟਣੀ ਸ਼ੁਰੂ ਹੋ ਗਈ ਦੀ ਇਹ ਕਹਿ ਕੇ ਖਿੱਲੀ ਉਡਾਉਂਦੇ ਹਨ ਕਿ ਫਰਵਰੀ ੧੮੬੯ ਵਿਚ ਹੀ ਤਾਂ ਮੁਕਤਸਰ ਇਲਾਕੇ ਦੇ ਕੂਕਿਆਂ ਤੇ ਭਾਈ ਮਸਤਾਨ ਸਿੰਘ ਬਰਾਜਵਾਲਾ ਦੀ ਅਗੁਆਈ ਵਿਚ, ਅੰਗਰੇਜ਼ ਸਰਕਾਰ ਵਿਰੁੱਧ ਖੁਲ੍ਹੀ ਬਗਾਵਤ ਦਾ ਐਲਾਨ ਹੀ ਨਹੀਂ ਕੀਤੀ ਸਗੋਂ ਪੁਲਿਸ ਅਧਿਕਾਰੀਆਂ ਨੂੰ ਘੋੜਿਆਂ ਤੋਂ ਲਾਹ ਕੇ ਉਹਨਾਂ ਦੀਆਂ ਵਰਦੀਆਂ ਵੀ ਪਾੜ ਸੁੱਟੀਆਂ ਅਤੇ ਖਾਲਸਾ ਰਾਜ ਹੋਣ ਦਾ ਐਲਾਨ ਕਰ ਦਿੱਤਾ ਸੀ। ਇਹ ਨਿਸ਼ਾਨੀਆਂ ਲਹਿਰ ਘਟਣ ਦੀਆਂ ਨਹੀਂ ਸਗੋਂ ਉਗਰ ਰੂਪ ਧਾਰਨ ਕਰਨ ਦੀਆਂ ਸਨ। ਜੰਮੂ-ਕਸ਼ਮੀਰ ਸੈਨਿਕਾਂ ਦੀ ਕੂਕਾ ਰੈਜੀਮੈਂਟ ਕਾਇਮ ਹੋਣਾ ਅਤੇ ਫਿਰ ਅਗਲੇ ਵਰ੍ਹੇ ਦੀਆਂ ਸਰਦੀਆਂ ਵਿਚ ਦੋ ਮਹੱਤਵਪੂਰਨ ਕੂਕਾ ਸੂਬਿਆਂ ਦਾ ਨੈਪਾਲ ਸਰਕਾਰ ਪਾਸ ਮਿਸ਼ਨ ਭੇਜਣਾ ਅਤੇ ਹੈਦਰਾਬਾਦ, ਗਵਾਲੀਅਰ, ਬਨਾਰਸ, ਲਖਨਊ ਆਦਿ ਰਿਆਸਤਾਂ ਵਿਚ ਅਤੇ ਰੂਸ ਦੇ ਏਸ਼ੀਅਨ ਇਲਾਕੇ ਵਿਚ ਆਗਾਮੀ ਸਮੇਂ, ਕੂਕਾ-ਦੂਤ ਭੇਜਣੇ ਲਹਿਰ ਦੇ ਕੌਮਾਂਤਰੀ ਪਸਾਰ ਦੇ ਲੱਛਣ ਸਨ।

ਕੂਕਿਆਂ ਨਾਲ ਰਣਨੀਤਿਕ ਸਬੰਧ ਕਾਇਮ ਕਰਕੇ, ਨੈਪਾਲ ਦਾ ਰਾਣਾ ਜੰਗ ਬਹਾਦਰ, ਭਾਰਤ ਚੀਨ ਸਬੰਧਾਂ ਦੇ ਪਰਸੰਗ ਵਿਚ ਅੰਗਰੇਜ਼ਾਂ ਤੇ ਕੂਟਨੀਤਿਕ ਦਬਾਅ ਬਣਾ ਰਿਹਾ ਸੀ।'

ਪੁਸਤਕ ਦਾ ਚੌਥਾ ਅਧਿਆਇ ਹੈ : " ਨਾਮਧਾਰੀ ਗੁਰੂ ਦੀਆਂ ਖਾਲਸਾ ਰਾਜ ਲਈ ਭਾਰੀ ਕੋਸ਼ਿਸ਼ਾਂ: ਇਕ ਸਰਕਾਰੀ ਨਿਰਣਾ।" ਸਰਕਾਰੀ ਰੀਪੋਰਟਾਂ ਮੁਤਾਬਿਕ ੧੮੬੩ ਈ. ਤਕ ਉਹਨਾਂ ਦੀ ਨਾ ਸਿਰਫ ਸਿੱਖ ਸੰਗਤਾਂ ਵਿਚ ਮਾਨਤਾ ਕਾਇਮ ਹੋ ਗਈ ਸਗੋਂ ਪੈਰੋਕਾਰਾਂ ਦੀ ਸੰਖਿਆ ੪੦,੦੦੦ ਤੱਕ ਪੁੱਜ ਗਈ ਜੋ ੧੮੬੬ ਵਿਚ ੬੦,੦੦੦ ਹੋ ਗਈ ਸਤਿਗੁਰੂ ਰਾਮ ਸਿੰਘ ਸਮਝਦੇ ਸਨ ਕਿ ਜਿਵੇਂ ਜਿਵੇਂ ਉਹਨਾਂ ਦੁਆਰਾ ਸਾਜੇ 'ਸੰਤ ਖਾਲਸੇ' ਦੀ ਗਿਣਤੀ ਵਧੇਗੀ ਉਹ 'ਮਲੇਛ ਖਾਲਸੇ' ਨੂੰ ਕੱਜ ਕੇ 'ਖਾਲਸਾ ਰਾਜ' ਮੁੜ ਕਾਇਮ ਕਰ ਲੈਣਗੇ।[8] 'ਕੂਕਾ ਰੈਜਮੈਂਟ" ਕਸ਼ਮੀਰ ਵਿਚ, ੧੮੫੭ ਦੇ ਵਿਦਰੋਹੀ ਸਿਪਾਹੀ ਅਤੇ ਅਜੀਟਨ ਤਾਰਾ ਸਿੰਘ ਮਿਸਰੀ ਗਿਆਨੀ ਵਰਗੇ, ਸਿੱਖ ਰਾਜ ਸਮੇਂ ਕਸ਼ਮੀਰ ਦੇ ਗਵਰਨਰ 'ਕਰਨਲ ਮੀਹਾਂ ਸਿੰਘ ਦੇ ਭਤੀਜੇ ਵੀ ਸਨ ਅਤੇ ਅਨੇਕਾਂ ਪੁਰਾਣੇ ਸੈਨਿਕ ਅਤੇ ਭਾਈ ਮਹਾਰਾਜ ਸਿੰਘ ਦੇ ਨਾਲ ਅੰਗਰੇਜ਼ਾਂ ਵਿਰੁਧ ਲੜਨ ਵਾਲੇ ਸਿਪਾਹੀ ਵੀ ਸਨ। ਇਹੋ ਜਿਹੇ ਅਨੇਕਾਂ ਲੋਕ ਖਾਲਸੇ ਦੇ ਗੁਆਚੇ ਗੌਰਵ ਦੀ, ਪੁਨਰ-ਸਥਾਪਨਾ ਲਈ ਕਿਸੇ ਹੱਦ ਤੱਕ ਵੀ ਜਾ ਸਕਦੇ ਸਨ। ਮਹਾਰਾਜਾ ਪਟਿਆਲਾ ਨਰਿੰਦਰ ਸਿੰਘ ਦੇ ਨਿਕਟ ਸਬੰਧੀ ਸ. ਮੰਗਲ ਸਿੰਘ ਬਿਸ਼ਨ ਪੁਰੇ ਦਾ ਕੂਕਾ ਬਣਨਾ, ਬਹੁਤ ਸਾਰੇ ਉਘੇ ਸਿੱਖ ਘਰਾਣਿਆਂ ਦੇ ਸਰਦਾਰਾਂ-ਜਗੀਰਦਾਰਾਂ ਨੂੰ, ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਵੱਲ, ਆਰਕਸ਼ਿਤ ਕਰਨ ਵਾਲੀ ਵੱਡੀ ਘਟਨਾ ਸੀ। ਇਸੇ ਤਰਹਾਂ ਰਾਜਾ ਸ਼ਿਵਰਾਜ ਸਿੰਘ ਕਾਸ਼ੀਪੁਰ ਨੂੰ ਅੰਗਰੇਜ਼ਾਂ ਨੇ, ਦੇਸ਼ ਵਿਚੋਂ ਨਿਕਲੇ ਨੂੰ ੧੮੫੭ ਗ਼ਦਰੀ ਸੂਰਮਿਆਂ ਅਤੇ ਭਾਈ ਕਿਸ਼ਨ ਸਿੰਘ ਗਰੰਥਗੜ੍ਹ (ਅੰਮ੍ਰਿਤਸਰ) ਜਿਹੇ ਖਤਰਨਾਮ ਕੂਕਾ ਵਿਦਰੋਹੀਆਂ ਦੀ ਭਾਲ ਵਿਚ ਨੈਪਾਲ ਭੇਜਿਆ ਸੀ।

ਇਸੇ ਸਮੇਂ ੪ ਨਵੰਬਰ ੧੮੭੧ ਨੂੰ ਅੰਬਾਲੇ ਦੇ ਕਾਰਜਕਾਰੀ ਕਮਿਸ਼ਨਰ ਮੈਕਨੇਬ ਨੇ ਅਤੇ ਡੀ. ਆਈ. ਜੀ. ਲਾਹੌਰ ਰੇਂਜ ਮਿ. ਮੈਕਐਂਡਰੀਊ ਨੇ ੨੦ ਨਵੰਬਰ ੧੮੭੧ ਨੂੰ ਕੂਕਾ ਸੰਗਠਨ, ਨਿਸ਼ਾਨਿਆਂ ਤੇ ਗਤੀਵਿਧੀਆਂ ਬਾਰੇ, ਪੰਜਾਬ ਸਰਕਾਰ ਨੂੰ ਦੋ ਵਿਸਤਰਿਤ ਰੀਪੋਰਟਾਂ ਭੇਜੀਆਂ ਜਿਹਨਾਂ ਦਾ ਲਬੋ ਲੁਬਾਬ ਇਹ ਸੀ ਕਿ ਮੁਲਕ ਵਿਚ ਅਮਨ ਅਮਾਨ ਅਤੇ ਆਪਣਾ ਰਾਜ ਪਰਬੰਧ ਕਾਇਮ ਰੱਖਣ ਲਈ, ਗੁਰੂ ਰਾਮ ਸਿੰਘ ਨੂੰ, ਉਸ ਦੇ ਪੈਰੋਕਾਰਾਂ ਨਾਲੋਂ ਅਲੱਗ ਥਲੱਗ ਕਰਨ ਲਈ, ਤੁਰੰਤ ਦੇਸ਼ ਬਦਰ ਕੀਤਾ ਜਾਵੇ। ਨਾਮਧਾਰੀ ਗੁਰੂ ਅਤੇ ਉਸਦੇ ਪੈਰੋਕਾਰਾਂ ਦੁਆਰਾ ਮੁਲਖ ਵਿਚ ਆਮ ਵਿਦਰੋਹ ਦੀਆਂ ਕਨਸੋਆਂ ਫਰੰਗੀ ਹਾਕਮਾਂ ਦੇ ਕੰਨਾਂ ਵਿਚ ਦਿਨ ਰਾਤ ਗੂੰਜਣ ਲੱਗ ਪਈਆਂ। ਜੇ ੧੮੫੭ ਦਾ ਵਿਦਰੋਹ, ਗਊ-ਸੂਰ ਦੀ ਚਰਬੀ ਵਾਲੇ ਕਾਰਤੂਸਾਂ ਨਾਲ ਜੋੜਿਆ ਜਾ ਰਿਹਾ ਸੀ ਤਾਂ ਪੰਜਾਬ ਵਿਚ ਅੰਗਰੇਜ਼-ਸਰਕਾਰ ਦੁਆਰਾ, ਫਿਰਕੂ ਦੰਗੇ ਭੜਕਾਉਣ ਲਈ ਖੋਹਲੇ, ਗਊ-ਬੱਧ ਕਰਵਾਉਣ ਵਾਲੇ ਬੁੱਚੜ ਖਾਨਿਆਂ ਦੁਆਰਾ ਸਿੱਖ ਅਤੇ ਹਿੰਦੂ ਭਾਈਚਾਰੇ ਦੀਆਂ ਧਾਰਮਕ ਭਾਵਨਾਵਾਂ ਆਹਤ ਹੁੰਦੀਆਂ ਸਨ, ਅੱਗ ਤੇ ਘਿਓ ਪਾਉਣ ਦਾ ਕੰਮ ਸੀ। ਸਿੱਖ ਧਰਮ ਸਥਾਨਾਂ ਵਿਚੋਂ ਉਘੇ ਕੇਂਦਰ ਅੰਮ੍ਰਿਤਸਰ ਅਤੇ ਦਸਵੇਂ ਗੁਰੂ ਸਾਹਿਬ ਦੀ ਯਾਦ ਵਿਚ ਬਣੇ ਗੁਰਦੁਆਰਾ, ਰਾਇਕੋਟ (ਲੁਧਿਆਣਾ) ਦੇ ਆਸ ਪਾਸ, ਇਹ ਬੁੱਚੜ ਖਾਨੇ ਖੁੱਲ੍ਹਣੇ, ਜਿਹਨਾਂ ਤੇ ਰਾਤ ਬਰਾਤੇ ਅਤੇ ਫਿਰ ਚਿੱਟੇ ਦਿਨ ਮਲੇਰ ਕੋਟਲੇ ਦੇ ਗਊ ਘਾਤੀਆਂ ਤੇ ਹਮਲੇ ਕਰਕੇ, ਕੂਕਿਆਂ ਨੇ ਅੰਗਰੇਜ਼ ਸਰਕਾਰ ਦੇ ਥੰਮ੍ਹ ਥਿੜਕਾ ਦਿੱਤੇ। ਸਰਕਾਰ ਨੇ ਬੁੱਚੜ ਖਾਨਿਆਂ ਤੇ ਹਮਲਿਆਂ ਨੂੰ ਆਪਣੇ ਤੇ ਸਿੱਧਾ ਹਮਲਾ ਜਾਂ ਆਪਣੀ ਸੱਤਾ ਲਈ ਵੱਡੀ ਚੁਨੌਤੀ ਸਮਝਦਿਆਂ ਤੁਰਤ ਫੁਰਤ ਸਖਤ ਸਜ਼ਾਵਾਂ ਨਾਲ ਲਹਿਰ ਨੂੰ ਕੁਚਲਣ ਦੇ ਮਨਸੂਬੇ ਬਣਾ ਕੇ, ਕੂਕਿਆਂ ਪ੍ਰਤੀ ਬਦਲੇ ਦੀ ਅੱਗ ਵਿਚ ਸੜ ਰਹੀ ਆਪਣੀ ਛਾਤੀ ਠੰਢੀ ਕੀਤੀ। ਡਾ. ਜੋਗਿੰਦਰ ਸਿੰਘ ਹੋਰੀਂ, ਭਾਈ ਦੇਵਾ ਸਿੰਘ ਜੋ ਨੌਰੰਗਾਬਾਦੀ ਭਾਈ ਵੀਰ ਸਿੰਘ ਦੇ ਸੇਵਕ ਰਹੇ ਸਨ, ਦੁਆਰਾ ਅਪਰੈਲ ੧੮੭੧ ਵਿਚ ਗਊ ਦੀ

ਹੱਡੀ ਸਰੋਵਰ ਦੀ ਪਰਕਰਮਾਂ ਵਿਚੋਂ ਲੈਕੇ ਹਰਿਮੰਦਰ ਸਾਹਿਬ ਵਿਚ ਰੱਖਣ ਦੀ ਕਾਰਵਾਈ ਨੂੰ ਗੁਰੂ ਰਾਮ ਸਿੰਘ ਦੀ ਗਊ-ਗਰੀਬ ਦੀ ਰਾਖੀ ਕਰਨ ਵਾਲੀ ਸਿੱਖਿਆ ਦੇ ਅਸਰ ਨਾਲ ਹੀ ਜੋੜਦੇ ਹਨ, ਜਿਹਨਾਂ ਇਸ ਉਕਸਾਵੇ ਭਰੀ ਕਾਰਵਾਈ ਕਾਰਨ, ਮੁੜ ਤਿੰਨ ਸਾਲ ਕੈਦ ਵੀ ਕੱਟੀ।[9]

ਇਤਿਹਾਸ ਦੀ ਰੂਹ ਨਾਲ ਸਹੀ ਪਹਿਚਾਨ ਸਥਾਪਿਤ ਕਰਦਿਆਂ ਲੇਖਕ ਨੋਟ ਕਰਦਾ ਹੈ ਕਿ ਜਿੱਥੇ ਫਾਂਸੀਆਂ ਤੋਪਾਂ ਨਾਲ ਸ਼ਹੀਦ ਕਰਨ, ਜਾਇਦਾਦ ਜ਼ਬਤੀਆਂ, ਦੇਸ਼ ਨਿਕਾਲੇ ਕੈਦ ਵਿਚ ਸੁੱਟਣ ਤਲਾਸ਼ੀਆਂ, ਪੰਜ ਜਾਂ ਇਸ ਤੋਂ ਵਧ ਕੂਕਿਆਂ ਦੇ ਇਕੱਠੇ ਸਰਕਾਰੀ ਧਾਰਮਿਕ ਰਸਮਾਂ ਤੇ ਪਾਬੰਦੀ, ਕੂਕਾ ਕੇਂਦਰ ਤੇ ਪੁਲੀਸ ਚੌਕੀ ਦਾ ਬੈਠਾਉਣਾ, ਜਿਹੀਆਂ ਸਖਤ ਤੇ ਵਹਿਸ਼ੀ ਸਰਕਾਰੀ ਕਾਰਵਾਈਆਂ ਦੀ ਸਿੱਖਾਂ ਦੇ ਅਭਿਜਾਤ ਅਤੇ ਪੁਰੋਹਿਤ ਵਰਗ ਨੇ ਹਿੱਕ ਠੋਕ ਕੇ ਹਮਾਇਤ ਕੀਤੀ, ਉੱਥੇ ਉਸ ਸਮੇਂ ਦੇਸ਼ ਵਿਚ ਛਪਣ ਵਾਲੀਆਂ ਅਖਬਾਰਾਂ (ਆਮ ਤੌਰ ਤੇ ਅੰਗਰੇਜ਼ੀ) ਨੇ ਇਹਨੂੰ ਅਸੋਭਿਆ ਅਤੇ ਵਹਿਸ਼ੀ ਕਾਰਵਾਈ ਕਹਿ ਕੇ ਨਿੰਦਿਆ। ਨਤੀਜੇ ਵਜੋਂ ਐਲ. ਕਾਵਨ (ਡਿਪਟੀ ਕਮਿਸ਼ਨਰ ਲੁਧਿਆਣਾ) ਨੂੰ ਨੌਕਰੀ ਤੋਂ ਬਰਤਰਫ ਅਤੇ ਕਮਿਸ਼ਨਰ ਫੋਰਸਿੱਥ ਨੂੰ, ਨਿਆਇਕ ਸ਼ਕਤੀਆਂ ਖੋਹ ਕੇ ਅਵਧ ਦਾ ਕਮਿਸ਼ਨਰ ਲਾ ਦਿਤਾ।[10] ਸਤਿਗੁਰੂ ਰਾਮ ਸਿੰਘ ਜੀ ਵੀ ਇਕ ਹੁਕਮਨਾਮੇ ਵਿਚ ਲਿਖਦੇ ਹਨ ਕਿ ਪੰਜਾਬ ਦੇ ਰਾਜਿਆਂ ਨੇ ਅੰਗਰੇਜ਼ ਸਰਕਾਰ ਨੂੰ ਲਿਖਿਆ ਕਿ ਜੇ ਇਹ (ਸਤਿਗੁਰੂ ਰਾਮ ਸਿੰਘ) ਵਾਪਸ ਪੰਜਾਬ ਆ ਗਿਆ ਤਾ "ਨਾਂ ਸਾਨੂੰ ਛੱਡੇਗਾ, ਨਾ ਤੁਹਾਨੂੰ ਛੱਡੇਗਾ।"

ਪੁਸਤਕ ਦਾ ਪੰਜਵਾਂ ਕਾਂਡ ਹੈ : "ਨਾਮਧਾਰੀ ਗੁਰੂ ਦਾ ਦੇਸ-ਨਿਕਾਲਾ: ਉਹਨਾਂ ਦੀਆਂ ਸਮਾਜਿਕ ਸਿਆਸੀ ਯੋਜਨਾਵਾਂ ਦਾ ਪ੍ਰਗਟਾਵਾ"। ੧੮੭੨ ਵਿਚ ਬਿਨਾਂ ਮੁਕਤਮਾ ਚਲਾਏ ਸਤ੍ਰਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਰੰਗੂਨ (ਬਰ੍ਹਮਾ), (ਹੁਣ ਨਾਂ ਯਾਂਗੋਨ-ਮਿਆਂਮਾਰ) ਅਤੇ ਹੋਰਨੀਂ ਥਾਈਂ ਭੇਜ ਦਿੱਤਾ ਗਿਆ। ਅਜੇ ਮਲੌਦ ਅਤੇ ਮਲੇਰ ਕੋਟਲਾ ਦੀਆਂ ਘਟਨਾਵਾਂ ਜਿਹਨਾਂ ਦੀ ਆੜ ਹੇਠ ਆਪਨੂੰ ਇਹ ਸਖਤ ਸਜ਼ਾ ਦਿਤੀ ਗਈ ਸੀ, ਉਸ ਵਿਚ ਆਪ ਦੀ ਸ਼ਮੂਲੀਅਤ ਦੀ ਸਰਕਾਰ ਨੇ ਪੁਸ਼ਟੀ ਵੀ ਨਹੀਂ ਕੀਤੀ ਸੀ। ਫੋਰਸਿਥ ਆਪਣੀ ਲਿਖਤ ਵਿਚ ਇਹ ਵੀ ਮੰਨਦਾ ਸੀ ਕਿ ਅੰਮ੍ਰਿਤਸਰ ਜਾਂ ਰਾਇਕੋਟ ਸਾਕਿਆਂ ਵਿਚ ਸ਼ਾਮਲ ਕੂਕੇ, ਜਦੋਂ ਆਪ ਪਾਸ ਘਟਨਾ ਦੀ ਪਰਵਾਨਗੀ ਲਈ ਆਏ, ਸਤਿਗੁਰੂ ਜੀ ਨੇ ਮਨਜ਼ੂਰੀ ਨਹੀਂ ਦਿੱਤੀ। ਮੇਲ ਕੋਟਲੇ ਸਾਕੇ ਬਾਰੇ ਤਾਂ ਆਪਣੇ-ਅਪਣੇ ਮਿਲਟਰੀ ਅਟੈਚੀ' ਸੂਬਾ ਲੱਖਾ ਸਿੰਘ ਨੂੰ ਪੁਲੀਸ ਦੇ ਛੋਟੇ ਤੋਂ ਵੱਡੇ ਤੱਕ, ਜਿਲ੍ਹਾ ਅਧਿਕਾਰੀਆਂ ਪਾਸ ਅਗਾਊਂ ਭੇਜ ਦਿੱਤਾ ਸੀ ਕਿ ਕਿ ਮਸਤਾਨੇ ਸਾਥੋਂ ਬੇਕਾਬੂ ਹਨ। ਸਤਿਗੁਰੂ ਜੀ ਪਰਪੱਕ ਵਿਦਰੋਹ ਜੀਆਂ ਹਾਲਤਾਂ ਤੋਂ ਪਹਿਲਾਂ ਹੋਣ ਵਾਲੀ, ਕਿਸੇ ਵੀ ਛੇੜ ਛਾੜ ਨੂੰ ਹਰ ਹੀਲੇ ਟਾਲਣਾ ਚਾਹੁੰਦੇ ਸਨ। ਫਿਰ ਸਰਕਾਰ ਦੀ ਢਿੱਲ ਇਕ ਜਾਲ ਸੀ, ਜਿਸ ਵਿਚ ਉਹ ਕੂਕਾ-ਮੁਖੀ ਅਤੇ ਉਸਦੇ ਸਹਿਯੋਗੀਆਂ ਨੂੰ ਫਸਾਉਣ ਚਾਹੁੰਦੀ ਸੀ। ਖੁੱਲ੍ਹੀ ਅਦਾਲਤ ਵਿਚ ਮੁਕਦਮਾ ਸਿਰੇ ਨਾ ਲੱਗਣ ਤੋਂ ਘਬਰਾਈ ਸਰਕਾਰ ਨੇ ਆਪ ਸਭ ਲਈ ੧੮੧੮ ਦੇ ਰੈਗੂਲੇਸ਼ਨ ਤਿੰਨ ਦਾ ਸਹਾਰਾ ਲਿਆ। ਸੂਬਿਆਂ ਲਈ ਕਮਿਸ਼ਨਰ ਮੈਕਨਬ ਨੇ ਅਲਾਹਾਬਾਦ ਦੀ ਸੰਖੇਪ ਕਾਰਵਾਈ ਬਾਅਦ,ਇਕ ਸਾਲ ਤੋਂ ਉਮਰ ਭਰ ਕੈਦ ਵਿਚ ਅਤੇ ਪੰਜਾਬ ਤੋਂ ਬਾਹਰ ਰੱਖਣ ਦੀਆਂ ਸਜ਼ਾਵਾਂ ਤਜਵੀਜ਼ ਕੀਤੀਆਂ। ਸ. ਮੰਗਲ ਸਿੰਘ ਬਿਸ਼ਨ ਪੁਰਾ "ਸਵਾ ਕੁ ਸਾਲ ਬਾਅਦ ਅਲਾਹਬਾਦ ਤੋਂ ਹੀ ਰਿਹਾ ਕਰ ਦਿੱਤਾ ਗਿਆ।

ਸਤਿਗੁਰੂ ਜੀ ਨੂੰ ਰੰਗੂਨ, ਆਖਰੀ ਮੁਗਲ ਬਾਦਸ਼ਾਹ ਜ਼ਫ਼ਰ ਵਾਲੇ ਬੰਗਲੇ ਵਿਚ ਰੱਖਿਆ। ਪੰਜਾਬ ਵਿਚਲੇ ਸਿੱਖਾਂ ਸੇਵਕਾਂ, ਘਰ-ਪਰਿਵਾਰ ਵਾਲਿਆਂ ਨਾਲ ਚਿੱਠੀ ਪੱਤਰ ਦੀ ਪੂਰੀ ਮਨਾਹੀ ਕੀਤੀ ਗਈ। ਪ੍ਰੰਤੂ ੯੬ ਕੂਕੇ ਆਪ ਪਾਸੋਂ ਭਿੰਨ-ਭਿੰਨ ਸਮੇਂ ਹੁਕਮਨਾਮੇ ਲੈ ਕੇ ਆਏ। ਜਿਹਨਾਂ ਤੋਂ ਆਪ ਜੀ ਦੇ ਸਬੰਧ ਵਿਚ ਬਹੁਤ ਕੀਮਤੀ ਜਾਣਕਾਰੀ ਮਿਲਦੀ ਹੈ। ਇਹ ਕੂਕੇ ਭੇਸ ਬਦਲ ਕੇ, ਸਰਕਾਰੀ ਕਰਮਚਾਰੀਆਂ ਤੋਂ ਚੋਰੀ-ਛਿਪੇ ਆਪ ਨਾਲ ਖਤ ਪੱਤਰਾਂ ਦਾ ਆਦਾਨ ਪਰਦਾਨ ਕਰਦੇ। ਕਈਆਂ ਨੂੰ ਰੰਗੂਨ ਯਾਤਰਾ ਜਾਂ ਫਿਰ ਮਰਗੋਈ ਟਾਪੂ ਤਕ ਪੁੱਜਣ ਲਈ ਆਪਣੀਆਂ ਸਿੰਘਣੀਆਂ ਦੇ ਗਹਿਣੇ ਗੱਟੇ, ਜਾਂ ਆਪਣੀਆਂ ਜ਼ਮੀਨ-ਜਾਇਦਾਦਾਂ ਵੇਚਣੀਆਂ ਜਾਂ ਪੈਸੇ ਲੋਕਾਂ ਤੋਂ ਮੰਗ ਕੇ ਵੀ ਆਉਣਾ ਪਿਆ। ਸਰਕਾਰੀ ਖਰਚ ਦੇ ਮਾਮਲੇ ਵਿਚ ਸਤਿਗੁਰੂ ਜੀ ਦਾ ਰੁਤਬਾ ਇਕ ਛੋਟੇ ਜ਼ਿਮੀਦਾਰ ਵਾਲਾ ਸੀ। ਇਹ ਕਾਰਵਾਈ ਸਰਕਾਰ ਨੇ ਕੂਕਾ ਲਹਿਰ ਨੂੰ ਆਗੂ-ਰਹਿਤ ਕਰਨ ਲਈ ਹੀ ਕੀਤੀ ਸੀ। ਸਰਕਾਰ ਦੀ ਸਖਤੀ ਦੀ ਨੀਤੀ ਕੂਕਿਆਂ ਨੂੰ ਸਮਜਿਕ ਤੇ ਸਿਆਸੀ ਤੌਰ ਤੇ ਨਿਖੇੜਨ ਲਈ ਵੀ ਸੀ।[11] ਸਤਿਗੁਰੂ ਜੀ ਅਤੇ ਕੂਕੇ ਸਿੱਖਾਂ ਵਿਚਾਲੇ ਪੱਤਰ-ਵਿਹਾਰ ਨਾਂ ਰੁਕਣ ਤੋਂ ਵੀ ਸਰਕਾਰ ਪਰੇਸ਼ਾਨ ਸੀ। ਇਸ ਨਾਲੋਂ ਪੱਤਰ ਵਿਹਾਰ ਤੁਰੰਤ ਰੋਕਿਆ ਜਾਵੇ ਕਹਿੰਦਿਆਂ, ਫਿਰੰਗੀ ਸਰਕਾਰ ਨੇ, ਸਤ੍ਰਿਗੁਰੂ ਜੀ ਨੂੰ ਬਹੁਤ ਖਤਰਨਾਕ ਵਿਅਕਤੀ (ਉਹਨਾਂ ਦੇ ਰਾਜ ਲਈ) ਲਿਖਿਆ ਹੈ। ਕੂਕਿਆਂ ਦੁਆਰਾ ਸਤਿਗੁਰੂ ਜੀ ਦੀ ਰਿਹਾਈ ਲਈ ਵਡੀ ਗਿਣਤੀ ਵਿਚ ਲਿਖੇ ਅਰਜ਼ੀ ਪੱਤਰਾਂ ਤੋਂ ਵੀ ਸਰਕਾਰ ਭੈ-ਭੀਤ ਹੁੰਦੀ ਸੀ ਕਿ ਕੂਕੇ ਅਜੇ ਦਬੇ ਨਹੀਂ ਸਨ ਅਤੇ ਗੁਰੂ ਵਿਚ ਅਟੁੱਟ ਵਿਸ਼ਵਾਸ਼ ਸਰਕਾਰ ਦੀ ਬੇਚੈਨੀ ਦਾ ਕਾਰਨ ਬਣਦਾ ਸੀ।

੧੯੭੭-੭੮ ਦੇ ਅਫਗਾਨ ਯੁੱਧ ਸਮੇਂ, ਕੂਕਿਆਂ ਦੀਆਂ ਸਰਗਰਮੀਆਂ ਵੱਧ ਗਈਆਂ। ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਅਤੇ ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ, ਦੋ ਕੂਕਾ ਦੂਤ ਕੁਝ ਹੋਰ ਸਾਥੀਆਂ ਸਮੇਤ ਰੰਗੂਨ-ਮਰਗੋਈ ਵਿਚ ਕੈਦ ਸਤਿਗੁਰੂ ਰਾਮ ਸਿੰਘ ਅਤੇ ਰੂਸੀ ਤੁਰਕਿਸਤਾਨ ਦੇ ਹਾਕਮਾਂ ਰਾਹੀਂ, ਰੂਸੀ ਸਰਕਾਰ ਨਾਲ ਕੂਟਨੀਤਿਕ ਸਬੰਧ ਜੋੜਨ ਦੇ ਆਹਰ ਵਿਚ ਸਨ ਤਾਂ ਜੁ ਰੂਸੀ ਸੈਨਾ ਦੀ ਮੱਦਦ ਨਾਲ ਬ੍ਰਿਲਿਆ ਨੂੰ ਇੱਥੋਂ ਖਦੇੜਿਆ ਜਾ ਸਕੇ। ੨੯ ਨਵੰਬਰ ੧੮੮੫ ਨੂੰ ਸਰਕਾਰ ਨੇ ਮਰਗੋਈ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਫੈਲਾਅ ਕੇ ਕੂਕਿਆਂ ਸਬੰਧੀ ਸਾਰੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣਾ ਚਾਹਿਆ ਪਰ ਉਦੋਂ ਤੋਂ ਲੈਕੇ ਹੁਣ ਤੱਕ ਕੂਕੇ ਸਿੰਘ ਇਸ ਘਟਨਾ ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹਨ। ਨਾਮਧਾਰੀ ਲੇਖਕਾਂ ਨੇ ਦਲੀਲਾਂ ਸਹਿਤ ਇਸ ਪ੍ਰਲੋਕ ਗਮਨ ਵਾਲੀ ਖ਼ਬਰ ਨੂੰ ਨਿਰਮੂਲ ਸਿੱਧ ਕੀਤਾ ਹੈ ਜਿਹਨਾਂ ਦਾ ਜ਼ਿਕਰ ਲੇਖਕ ਸਵਿਸਥਾਰ ਆਪਣੀ ਪੁਸਤਕ ਵਿਚ ਕਰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਸਬੰਧ ਵਿਚ ਇਤਿਹਾਸ ਲੇਖਕ ਲਿਖਦਾ ਹੈ ਕਿ ਇਹ ੧੯੪੪ ਵਿਚ ਡਾ. ਗੰਡਾ ਸਿੰਘ ਹੋਰਾਂ ਦੁਆਰਾ ਸੰਪਾਦਿਤ ਹੋਏ, ਉਹਨਾਂ ਦੀ ਪੁਸਤਕ ਵਿਚ ਫਿਰ ੧੯੯੮ ਵਿਚ ਜਸਵਿੰਦਰ ਸਿੰਘ ਨੇ ਸੰਪਾਦਿਤ ਕਰ ਕੇ ਨਾਮਧਾਰੀ ਦਰਬਾਰ ਦੁਆਰਾ ਛਪਵਾਏ। ਜਸਵਿੰਦਰ ਸਿੰਘ ਹੋਰੀਂ ਆਪਣੇ ਦੁਆਰਾ ਸੰਪਾਦਿਤ ਹੁਕਮਨਾਮਿਆਂ ਦੀ ਭੂਮਿਕਾ ਵਿਚ, ਉਸ ਆਖੇਪਕਾਰੀ ਦਾ ਜ਼ਿਕਰ ਕਰਦੇ ਹਨ ਜੋ ਡਾ. ਗੰਡਾ ਸਿੰਘ ਹੋਰਾਂ ਵਾਲੀ ਪੁਸਤਕ ਵਿਚ ਮਿਲਦੇ ਹੁਕਮਨਾਮਿਆਂ ਵਿਚ ਟਹਿਲ ਸਿੰਘ ਫੱਕਰ ਨਾਂ ਦੇ ਕਿਸੇ ਜਣੇ ਨੇ ਕੀਤੀ ਸੀ, ਇਸ ਲਈ ਪ੍ਰਮਾਣਿਕਤਾ ਵਜੋਂ ਅਸੀਂ ੧੯੯੮ ਵਿਚ ਛਪੇ ਹੁਕਮਨਾਮਿਆਂ ਨੂੰ ਹੀ ਤਰਜੀਹ ਦਿਆਂਗੇ।[12]

ਇਹਨਾਂ ਹੁਕਮਨਾਮਿਆਂ ਦੀ ਮਹੱਤਤਾ ਬਾਰੇ ਵਿਵੇਚਨ ਵਿਚ ਕਿਹਾ ਗਿਆ ਹੈ : "ਸਤਿਗੁਰੂ ਰਾਮ ਸਿੰਘ ਖਾਲਸਾ ਰਾਜ ਦੀ ਪੁਨਰ ਸਥਾਪਨਾ ਅਤੇ ਵਿਤਕਰੇ ਤੇ ਸੋਸ਼ਣ ਮੁਕਤ ਸਮਾਜਿਕ ਵਿਵਸਥਾ ਚਾਹੁੰਦੇ ਸਨ।[13] ਸਿੱਖ ਇਤਿਹਾਸ ਅਤੇ ਧਰਮ ਦੇ ਪਰਸੰਗ ਵਿਚ ਵੀ ਇਹਨਾਂ ਦੀ ਸਮੱਗਰੀ ਅਰਥ ਭਰਪੂਰ ਹੈ। ਬੇਸ਼ਕ ਨਾਮਧਾਰੀ ਗੁਰੂ ਖਾਲਸ ਰਾਜ ਦੀ ਪੁਨਰ ਸਥਾਪਨਾ ਚਾਹੁੰਦੇ ਸਨ ਪਰ ਇਹ ਖਾਲਸਾ ਰਾਜ ਸਿੱਖ ਮਿਸਲਾਂ ਜਾਂ ਮਹਾਰਾਜ ਰਣਜੀਤ ਸਿੰਘ ਵਾਲਾ ਨਾਂ ਹੋ ਕੇ, ਉਸ ਸਿੱਖ ਰਾਜ ਸੀ ਦ੍ਰਿਸ਼ਟੀ ਵਾਲਾ ਹੋਣਾ ਸੀ ਜਿਹੋ ਜਿਹਾ ੧੮ਵੀਂ ਸਦੀ ਦੇ ਸਿੱਖ ਧਰਮ ਗ੍ਰੰਥ 'ਪ੍ਰੇਮ ਸੁ ਮਾਰਗ' ਵਿਚ ਚਿਤਰਿਆ ਸੀ। ਇਸ ਤਰ੍ਹਾਂ ਦੀ ਹੀ ਦ੍ਰਿਸ਼ਟੀ 'ਸੌ ਸਾਖੀ' ਵਿਚ ਮਿਲਦੀ ਸੀ। ਇਹਨਾਂ ਦੋਹਾਂ ਗ੍ਰੰਥਾਂ ਦਾ ਹੁਕਮਨਾਮਿਆਂ ਤੇ ਸਪੱਸ਼ਟ ਪ੍ਰਭਾਵ ਅੰਗਿਆ ਜਾ ਸੱਕਦਾ ਹੈ। ਭਾਵੇਂ ਆਪ ਦੀ ਸਿੱਖਿਆ ਦਾ ਕੇਂਦਰੀ ਧੁਰਾ, ਸ੍ਰੀ ਆਦਿ ਗ੍ਰੰਥ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਗਿਰਦ ਹੀ ਘੁੰਮਦਾ ਸੀ। ਸਤਿਗੁਰੂ ਜੀ ਨੇ ਕਿਰਤੀ ਜੀਵਨ ਨੂੰ ਵਿਸ਼ੇਸ਼ ਮਹੱਤਵ ਦੇ ਕੇ, ਪਰਜੀਵੀ ਬਨਣ ਤੋਂ ਬਚਨ ਦੀ ਤਾਕੀਦ ਕੀਤੀ। ਹੁਕਮਨਾਮੇ ਗੁਰੂ ਕੇ ਸਿੰਘਾਂ ਨੂੰ ਨਾਮ ਬਾਣੀ ਨਾਲ ਜੁੜਨ ਅਤੇ ਗੁਰੂ ਗਰੰਥ ਸਾਹਿਬ ਦੇ ਵੱਧ ਤੋਂ ਵੱਧ ਪਾਠ ਕਰ ਕੇ ਭੋਗ ਪਾਆਉਣ ਦੀ ਤਾਕੀਦ ਵੀ ਕਰਦੇ ਹਨ। ਸਤਿਗੁਰੂ ਜੀ ਨੂੰ ਕੂਕਿਆਂ ਤੇ ਇਹ ਮਾਣ ਵੀ ਹੈ ਕਿ ਉਹਨਾਂ ਜਿੰਨੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਇਸ ਤੋਂ ਪਹਿਲਾਂ ਕਿੰਨ੍ਹੇ ਪਾਏ ਹਨ ?

ਪੁਸਤਕ ਦਾ ਛੇਵਾਂ ਜਾਂ ਆਖਰੀ ਕਾਂਡ ਹੈ : "ਨਾਮਧਾਰੀ ਨਜ਼ਰੀਏ ਤੋਂ, ਨਾਮਧਾਰੀ ਗੁਰੂ ਰਾਮ ਸਿੰਘ ਨੂੰ ਯਾਦ ਕਰਨਾ।" ਇਸ ਸੰਦਰਭ ਵਿਚ ਵਿਦਵਾਨ ਲੇਖਕ ਨੇ, ਭਾਈ ਚੰਦਾ ਸਿੰਘ, ਨਿਹਾਲ ਸਿੰਘ ਆਦਿ ਦੇ ਉਨ੍ਹੀਵੀਂ ਸਦੀ ਦੇ ਅੰਤਿਮ ਦੋ ਦਹਾਕਿਆਂ ਵਿਚ ਉਪਲਬਧ, ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਲਿਖੇ ਗਏ ਬਾਰਾਂ ਮਾਹਾਂ ਦੇ ਜ਼ਿਕਰ ਤੋਂ ਸ਼ੁਰੂ ਕੀਤਾ ਹੈ। ਫਿਰ ਉਹ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਬੀਰਤਾ ਨੂੰ ਉਜਾਗਰ ਕਰਦੇ 'ਗੁਰ-ਬਿਲਾਸਾਂ' ਦੀ ਸ਼ੈਲੀ ਵਿਚ ਵਾਰਤਕ ਅਤੇ ਬ੍ਰਿਜ ਭਾਸ਼ਾ ਦੀ ਕਵਿਤਾ ਵਿਚ ਲਿਖੇ ਗਏ 'ਸਤਿਗੁਰੂ ਬਿਲ਼ਾਸ' ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਅਤੇ 'ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਰਚਿਤ ਸੰਤ ਧਿਆਨ ਸਿੰਘ ਕਾਦਰਾਬਾਦੀ ਦਾ ਬਹੁਪੱਖੀ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਿਕ, ਸੱਭਿਆਚਾਰਕ ਨਜ਼ਰੀਏ ਤੋਂ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਸਤਿਗੁਰੂ ਜੀ ਦੇ ਹੁਕਮਨਾਨਿਆਂ ਦੀ ਪਿਛਲੇ ਕਾਂਡ ਵਿਚ ਵਿਸਤਰਿਤ ਚਰਚਾ ਹੋ ਚੁੱਕੀ ਹੈ। ਬਾਰਾਂ ਮਾਂਹ ਭਾਈ ਚੰਦਾ ਸਿੰਘ ਕੂਕਾ ਲਹਿਰ ਦੇ ਕੌਮਾਂਤਰੀ ਸਬੰਧਾਂ ਦੇ ਤਾਣੇ ਪੇਟੇ ਨੂੰ ਵੀ ਛੋਂਹਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਕਾਲੀ-ਲੇਖਕਾਂ ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਜਿਹਨਾਂ ਦਾ ਵੀਹਵੀਂ ਸਦੀ ਦੇ ਨਾਮਧਾਰੀ ਇਤਿਹਾਸ ਵਿਚ ਵੀ ਅਤੇ ਕੌਮੀ ਸੁਤੰਤਰਤਾ ਸੰਗਰਾਮ ਵਿਚ ਵੀ ਉਘਾ ਯੋਗਦਾਨ ਹੈ, ਦੇ ਜ਼ਿਕਰ ਦੇ ਨਾਲ ਪ੍ਰੋ. ਜੋਗਿੰਦਰ ਸਿੰਘ ਇਕ ਹੋਰ ਪੁਰਾਤਨ ਲੇਖਕਾਂ ਦੀ ਹੀ ਸ਼੍ਰੇਣੀ ਵਿਚ ਆਉਂਦੇ ਗਿਆਨੀ ਕਾਲਾ ਸਿੰਘ ਨੰਗਲ ਅਤੇ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀਆਂ ਕੁਝ ਉਹਨਾਂ ਰਚਨਾਵਾਂ ਤੇ ਝਾਤ ਪਾਉਂਦਾ ਹੈ, ਜੋ ਨਾਮਧਾਰੀਆਂ ਬਾਰੇ ਆਧਾਰਭੂਤ ਸਮੱਗਰੀ ਮੁਹਈਆ

ਕਰਾਉਂਦੀਆਂ ਹਨ। ਵੀਹਵੀਂ ਸਦੀ ਵਿਚ ਕੁਝ ਗੈਰ ਨਾਮਧਾਰੀ ਲੇਖਕਾਂ ਨਾਹਰ ਸਿੰਘ, ਫੌਜਾ ਸਿੰਘ, ਐਮ. ਐਮ. ਆਹਲੂਵਾਲੀਆ, ਡਬਲਯੂ. ਐਚ. ਮੈਕਨਿਓਡ ਦੀਆਂ ਮੁੱਲਵਾਨ ਲਿਖਤਾਂ ਨੂੰ ਆਪਣੇ ਕਲੇਵਰ ਵਿਚ ਲੈਂਦਿਆਂ ਇਹ ਨਾਮਧਾਰੀ ਲੇਖਕਾਂ ਦੇ ਨਾਮਧਾਰੀ ਇਤਿਹਾਸ ਬਾਰੇ ਸਮੇਂ-ਸਮੇਂ ਵਿਕਸਿਤ ਹੁੰਦੇ ਸੰਕਲਪਾਂ ਨੂੰ ਵੀ ਸੁੰਦਰ ਢੰਗ ਨਾਲ ਅਤੇ ਮਨਾਉਣੀ ਸ਼ੈਲੀ ਨਾਲ ਪੇਸ਼ ਕਰਦਾ ਹੈ। ਲੇਖਕ ਦਾ ਨਜ਼ਰੀਆ ਹੈ ਕਿ ਇਹ ਗ਼ਦਰੀ ਬਾਬੇ ਸਨ ਜਿਹਨਾਂ ਨੇ ਪਹਿਲਾਂ ਪਹਿਲ ਕੂਕਾ ਲਹਿਰ ਵਿਚ ਪ੍ਰਭੂ-ਭਗਤੀ ਅਤੇ ਦੇਸ਼-ਭਗਤੀ (ਅਤੇ ਅਸੀਂ ਕਹਿ ਸਕਦੇ ਹਾਂ ਲੋਕ-ਭਗਤੀ ਨੂੰ ਜੋੜਿਆ। ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਗੁਰੂ ਰਾਮ ਸਿੰਘ ਅਤੇ ਕੂਕਾ-ਲਹਿਰ ਦੇ ਸਾਮਰਾਜ ਵਿਰੋਧੀ ਵਿਚਾਰਾਂ ਦੀ ਪਰਸੰਸਾ ਕਰਦਿਆਂ ਇਸ ਨੂੰ ਪੰਜਾਬ ਵਿਚ ਪਹਿਲੀ ਆਜ਼ਾਦੀ ਸੰਗਰਾਮ ਦੀ ਲਹਿਰ ਆਖਿਆ। ਲੇਖਕ ਨੇ ਪ੍ਰੋ. ਜਸਵੰਤ ਸਿੰਘ ਜੱਸ ਦੁਆਰਾ ਲਿਖੀ ਗੁਰੂ ਰਾਮ ਸਿੰਘ ਜੀ ਦੀ ਜੀਵਨੀ ਨੂੰ ਪਹਿਲੀ ਸਫਲ ਜੀਵਨੀ ਦੀ ਸੰਗਿਆ ਦਿੱਤੀ ਹੈ। ਮੈਕਲਿਓਡ ਨੇ ਲਹਿਰ ਨੂੰ ਪੰਜਾਬ ਦੇ ਕਿਸਾਨੀ ਸੰਕਟ ਨਾਲ ਜੋੜ ਕੇ ਇਸਨੂੰ ਕਿਸਾਨਾਂ ਅਤੇ ਦਸਤਕਾਰਾਂ ਦੀ ਲਹਿਰ ਦਾ ਨਾਂ ਦਿੱਤਾ ਹੈ। ਨਾਮਧਾਰੀ ਇਤਿਹਾਸ ਲੇਖਨ ਦੇ ਪੜਾਵਾਂ ਦਾ ਗੁਰਬਿਲਾਸ, ਬਾਰਾਂ ਮਾਂਹ, ਆਲਿਮ ਚੱਕਰਵਰਤੀ ਜੁੱਗ, ਆਦਿ ਦਾ ਵਕਤ ਦੀਆਂ ਲੋੜਾਂ ਨਾਲ ਅਤੇ ਲਹਿਰਾਂ ਨਾਲ ਜੁੜਿਆ ਸਿਧ ਕਰ ਕੇ, ਕੂਕਿਆਂ ਦੇ ਹਾਸ਼ੀਆਗ੍ਰਸਤ ਕੀਤੇ ਜਾਣ ਦੀ ਪਰਕਿਰਿਆ ਨੂੰ ਮੋਢੀ ਨਾਮਧਾਰੀ ਲੇਖਕਾਂ ਨੇ, ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਅਕਾਲ ਪੁਰਖ ਦਾ ਭੇਜਿਆ ਮਸੀਹਾ, ਧਰਮ ਯੁੱਧ ਦਾ ਸੰਕਲਪ-ਜੋ ਜ਼ਾਲਮ ਫਿਰੰਗੀ ਰਾਜ ਦਾ ਨਾਸ ਕਰਨ ਆਇਆ, ਉਭਾਰ ਕੇ ਕਲਮ ਦੀ ਸਫਲ ਜੰਗ ਲੜੀ। ਉਹਨਾਂ ਲੇਖਕਾਂ ਦੀ ਘਾਲਣਾ ਹੀ, ਆਪਣੇ ਸਤਿਗੁਰੂ ਨੂੰ, ਸਮਕਾਲੀ ਵਿਰੋਧੀਆਂ ਤੇ ਦੀਨੀ ਤੇ ਦੁਨਿਆਵੀ ਫਤਹਿ ਹਾਸਲ ਕਰਦੇ ਵਿਖਾਉਂਦੀ ਹੈ। ਨਾਮਧਾਰੀ ਤੇ ਸਮਕਾਲੀ ਲੇਖਕ, ਵੀਹਵੀਂ ਸਦੀ ਤੇ ਤੀਜੇ ਦਹਾਕੇ ਵਿਚ ਸਤਿਗੁਰੂ ਰਾਮ ਸਿੰਘ ਨੂੰ ਸਵਦੇਸ਼ੀ ਅਤੇ ਅਸਹਿਯੋਗ ਅੰਦੋਲਨ ਦੇ ਮੋਢੀ ਦੇ ਰੂਪ ਵਿਚ ਚੇਤੇ ਕਰਦੇ ਹਨ। 'ਗਦਰੀ ਸੂਰਮੇ' ਅਤੇ 'ਸਮਾਜਵਾਦੀ ਕ੍ਰਾਂਤੀਕਾਰੀਆਂ' ਨੇ ਉਹਨਾਂ ਦੇ ਪ੍ਰੋਗਰਾਮ ਵਿਚ ਸਾਮਰਾਜ ਵਿਰੋਧੀ ਤੱਤ ਢੂੰਡ ਲਏ। ਇਹਨਾਂ ਲੋਕਾਂ ਦੀਆਂ ਲਿਖਤਾਂ ਨੂੰ ਅਗੇਰੀ ਛਾਲ ਦੱਸਦੇ ਹੋਏ, ਪ੍ਰੋ. ਸਾਹਿਬ ਸਿੱਟਾ ਕੱਢਦੇ ਹਨ ਕਿ ਇਸ ਕਾਰਨ 'ਖਾਲਸਾ ਰਾਜ' ਦੇ ਮਦਾਹ ਹੋਣ ਵਾਲੀ ਸਤਿਗੁਰੂ ਜੀ ਦੀ ਸ਼ਖਸ਼ੀਅਤ ਇਕ ਕੌਮੀ-ਨਾਇਕ" ਦੀ ਉੱਚ ਪਦਵੀ ਤੇ ਪੁੱਜ ਜਾਂਦੀ ਹੈ।

ਕਿਹਾ ਜਾ ਸਕਦਾ ਹੈ ਕਿ ਸਿਰਫ ਇਹ ਇਕ ਸਫਲ ਸ਼ਾਨਦਾਰ ਤੱਥ ਭਰਪੂਰ ਵਿਵਿਧ ਸਮੱਗਰੀ ਦੀ ਆਧੁਨਿਕ ਇਤਿਹਾਸਕਾਰ ਦੀ ਪੈਨੀ ਦ੍ਰਿਸ਼ਟੀ ਦੁਆਰਾ ਵਿਵੇਚਿਤ, ਜੀਵਨੀ ਹੋ ਨਿੱਬੜਦੀ ਹੈ, ਨਾਮਧਾਰੀ ਇਤਿਹਾਸ ਲੇਖਨ ਦੀਆਂ ਨਵੀਆਂ ਬੁਲੰਦੀਆਂ ਨੂੰ ਵੀ ਛੋਂਹਦੀ ਹੈ. ਪ੍ਰੋ. ਸਾਹਿਬ ਦਾ ਇਹ ਨਿੱਗਰ, ਠੋਸ ਕਾਰਜ ਅਤੇ ਨੈਸ਼ਨਲ ਬੁੱਕ ਟਰੱਸਟ ਦਾ ਇਹਨੂੰ ਆਪਣੇ ਕਲੇਵਰ ਵਿਚ ਲੈਣਾ, ਸਤਿਗੁਰੂ ਰਾਮ ਸਿੰਘ ਜਹੀ ਉੱਚੀ-ਸੁੱਚੀ ਬਹੁ ਆਯਾਮੀ ਸ਼ਖਸੀਅਤ ਨੂੰ ਚੇਤੇ ਕਰਨ ਦਾ ਸੁੱਚਜਾ ਯਤਨ ਹੈ। ਮੇਰਾ ਵਿਸ਼ਵਾਸ਼ ਹੈ ਕਿ ਗੱਲ ਅਗੇ ਤੋਂ ਅਗੇ ਤੁਰਦੀ ਰਹੇਗੀ।

ਫੁੱਟ ਨੋਟ —

੧. ਬਾਬਾ ਰਾਮ ਸਿੰਘ ਨਾਮਧਾਰੀ- ਪ੍ਰੋ ਜਸਵੰਤ ਸਿੰਘ ਜੱਸ- ਛਾਪ ੧੯੮੭-ਜਲੰਧਰ, ਸਫਾ ੨੫
੨. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸੰ. ਜਸਵਿੰਦਰ ਸਿੰਘ ੧੯੯੮- ਸ੍ਰੀ ਭੈਣੀ ਸਾਹਿਬ, ਸਫਾ ੪੮੩
੩. ਨਾਮਧਾਰੀ ਇਤਿਹਾਸ- ਨਾਹਰ ਸਿੰਘ ਐਮ. ਏ., ਦਿੱਲੀ, ੧੯੫੫, ਸਫਾ ੧੭੭
੪. ਮਾਲਵੇਂਦ੍- ਸੰਤ ਇੰਦਰ ਸਿੰਘ ਚੱਕਰਵਤੀ-੧੯੫੭, ਦਿੱਲੀ, ਸਫਾ ੧੯੮-੯੯
੫. ਸੰਤ ਖਾਲਸਾ-ਹਰਨਾਮ ਸਿੰਘ ਸਵੈਚ, ਬਗੁਲੀ ਕਲਾਂ, ਅੰਮ੍ਰਿਤਸਰ- ਦੂਜੀ ਛਾਪ ੧੯੫੮, ਸਫਾ ੨੧
੬. ਨਾਮਧਾਰੀ ਗੁਰੂ ਰਾਮ ਸਿੰਘ- ਪ੍ਰੋ. ਜੋਗਿੰਦਰ ਸਿੰਘ- ਨੈਸ਼ਨਲ ਬੁੱਕ ਟੱਰਸਟ, ਇੰਡੀਆ, ਨਵੀਂ ਦਿੱਲੀ, ੨੦੧੦, ਸਫਾ ੬੯
੭. ਉਹੀ- ਸਫਾ ੮੬
੮. ਉਹੀ- ਸਫਾ ੯੨
੯. ਉਹੀ- ਸਫਾ ੧੦੦
੧੦. ਉਹੀ- ਸਫਾ ੧੦੭
੧੧. ਉਹੀ- ਸਫਾ ੧੧੮
੧੨. ਹੁਕਮਨਾਮੇ (ਸਤਿਗੁਰੂ ਰਾਮ ਸਿੰਘ) ਸੰ. ਜਸਵਿੰਦਰ ਸਿੰਘ ਸਫਾ ੯੩-੯੫
੧੩. ਨਾਮਧਾਰੀ ਗੁਰੂ ਰਾਮ ਸਿੰਘ- ਸਫਾ ੧੨੪

ਪਿੰਡ ਤੇ ਡਾਕ : ਕਰੀਵਾਲਾ
ਜ਼ਿਲ੍ਹਾ - ਸਿਰਸਾ (ਹਰਿਆਣਾ)
125075
01698-27452 (ਘਰ)
099963-71716 (ਮੋ.)
੧੫ ਨਵੰਬਰ ੨੦੧੦

ਪੁੜੀਆਂ ਤੇ ਪੋਥੀਆਂ

—ਗੁਰਬਚਨ ਸਿੰਘ ਭੁੱਲਰ



ਲੇਖਕ

ਖੁੱਲ੍ਹੇ ਪਏ ਦਰਵਾਜ਼ੇ ਵਿਚੋਂ ਲੰਘਾ ਕੇ ਕਰਮਿੰਦਰ ਕਾਰ ਨੂੰ ਮੋਕਲੇ ਵਿਹੜੇ ਵਿਚ ਜਾ ਰੋਕਦੀ ਹੈ। ਅੱਧੀ ਧੁੱਪੇ, ਅੱਧੀ ਛਾਂਵੇਂ ਪਈ ਜਗਦੀਪ ਕੌਰ ਬੈਠੀ ਹੋ ਜਾਂਦੀ ਹੈ ਅਤੇ ਕਰਮਿੰਦਰ ਲਈ ਬੁੱਕਲ ਖੋਲ੍ਹ ਦਿੰਦੀ ਹੈ, 'ਅੱਜ ਮੇਰੀ ਧੀ ਕਿਵੇਂ ਰਾਹ ਭੁੱਲ ਗਈ।"

"ਕਿਧਰੇ ਹੋਰ ਜਾਂਦੀ ਹੋਈ ਰਾਹ ਵਿਚ ਤੈਨੂੰ ਮਿਲਣ ਨਹੀਂ ਆਈ, ਮਾਸੀ, ਸਿੱਧੀ ਤੇਰੇ ਕੋਲ ਅਈ ਹਾਂ।... ਮੈਂ ਸੋਚਿਆ, ਵਿਹਲ ਤਾਂ ਕਦੇ ਹੋਣੀ ਹੀ ਨਹੀਂ, ਭੱਜ ਕੇ ਮਿਲ ਹੀ ਆਵਾਂ" ਉਹ ਮਾਸੀ ਕੋਲ ਮੰਜੇ ਉਤੇ ਬੈਠ ਜਾਂਦੀ ਹੈ। ਮਾਸੀ ਉਹਦੀ ਪਿੱਠ ਉਤੇ ਹੱਥ ਫੇਰਦੀ ਰਹਿੰਦੀ ਹੈ।

"ਆਹ ਤਾਂ ਬੀਬੋ ਤੂੰ ਬਹੁਤਾ ਹੀ ਚੰਗਾ ਕੀਤਾ", ਰਸੋਈ ਵਿਚੋਂ ਆ ਕੇ ਦਰਸ਼ਨ ਦੋਵਾਂ ਹੱਥਾਂ ਨਾਲ ਫੜਿਆ ਹੋਇਆ ਚੁੰਨੀ ਦਾ ਲੜ ਕਰਮਿੰਦਰ ਦੇ ਪੈਰਾਂ ਨਾਲ ਛੁਹਾਉਂਦੀ ਹੈ। "ਅੱਜ ਤਾਂ ਦਿਨ ਭਾਗਾਂ ਵਾਲਾ ਚੜ੍ਹਿਆ ਐ।"

ਗੋਗੂ ਸੰਗਦਾ ਪਰ੍ਹੇ ਖੜ੍ਹਾ ਹੈ। ਕਰਮਿੰਦਰ ਨੇ ਉਹਨੂੰ ਬਾਹੋਂ ਫੜ ਕੇ ਖਿੱਚ ਲਿਆ ਹੈ। ਜਗਦੀਪ ਕੌਰ ਕਹਿੰਦੀ ਹੈ, "ਵੇ ਮੂਰਖਾ, ਤੂੰ ਪਛਾਣਿਆ ਨਹੀਂ ? ਭੂਆ ਜੀ ਐ, ਚੰਡੀਗੜ੍ਹ ਵਾਲੇ।"

"ਸਭ ਪਛਾਣਦਾ ਐ। ਸੰਗਦਾ ਹੀ ਬਹੁਤਾ ਐ", ਦਰਸ਼ਨ ਦਸਦੀ ਹੈ।

ਕਰਮਿੰਦਰ ਕਾਰ ਵਿਚੋਂ ਫਲਾਂ ਦੀ ਟੋਕਰੀ ਲਿਆਉਂਦੀ ਹੈ ਅਤੇ ਗੋਗੂ ਅੱਗੇ ਮੰਜੇ ਉਤੇ ਰੱਖ ਦਿੰਦੀ ਹੈ। ਉਹ ਪਹਿਲਾਂ ਫਲਾਂ ਵੱਲ ਦੇਖਦਾ ਹੈ ਅਤੇ ਫੇਰ ਭੂਆ ਜੀ ਵੱਲ। ਇਕ ਸਿਉ ਚੁੱਕਦਾ ਹੈ ਅਤੇ ਮੁਸਕਰਾ ਪੈਂਦਾ ਹੈ।

"ਸੁਖਪ੍ਰੀਤ ਦਾ ਕੀ ਹਾਲ ਹੈ, ਮਾਸੀ ? ਕਿੰਨਾ ਕੁ ਚਿਰ ਹੋ ਗਿਆ ਆਈ ਨੂੰ?" ਕਰਮਿੰਦਰ ਮਾਸੀ ਦੀ ਧੀ ਨੂੰ ਯਾਦ ਕਰਦੀ ਹੈ।

"ਮੌਜ ਕਰਦੀ ਐ, ਧੀਏ। ਤੇਰੇ ਵਾਂਗੂੰ ਉਹਦੇ ਵੰਨੀਓਂ ਵੀ ਠੰਢੀ ਹਵਾ ਹੀ ਆਉਂਦੀ ਹੈ", ਮਾਸੀ ਖੁਸ਼ ਹੈ। "ਪੰਦਰਾਂ ਕੁ ਦਿਨ ਹੋਏ, ਤਿੰਨ-ਚਾਰ ਦਿਨ ਲਾ ਕੇ ਗਈ ਐ।"

"ਤੇਰਾ ਹਾਲ ਕੀ ਐ ਮਾਸੀ ?" ਕਰਮਿੰਦਰ ਧਿਆਨ ਨਾਲ ਜਗਦੀਪ ਕੌਰ ਵੱਲ ਦੇਖਦੀ ਹੈ। "ਕੁਝ ਢਿੱਲੀ ਜਿਹੀ ਲਗਦੀ ਹੈਂ?"

"ਤੈਨੂੰ ਦੇਖ ਕੇ ਹਾਲ ਵੀ ਵਧੀਆ ਹੋ ਗਏ, ਧੀਏ।" ਜਗਦੀਪ ਕੌਰ ਫਿੱਕਾ ਜਿਹਾ ਹੱਸਦੀ ਹੈ।

"ਮੈਨੂੰ ਦੇਖਣ ਤੋਂ ਪਹਿਲਾਂ ?" ਕਰਮਿੰਦਰ ਮਾਸੀ ਦੀ ਗੱਲ ਦੇ ਅਰਥ ਕੱਢਦੀ ਹੈ। ਦਰਸ਼ਨ ਘਰ ਦੀਆਂ ਬਣਾਈਆਂ ਹੋਈਆਂ ਖੋਏ ਦੀਆਂ ਪਿੰਨੀਆਂ ਨਾਲ ਚਾਹ ਦੀਆਂ ਪਿਆਲੀਆਂ ਸਟੂਲ ਉੱਤੇ ਰਖਦੀ ਹੈ ਅਤੇ ਕਰਮਿੰਦਰ ਦੀ ਗੱਲ ਦਾ ਉੱਤਰ ਦਿੰਦੀ ਹੈ, "ਸਾਡੀ ਮਾਂ ਤਾਂ, ਬੀਬੋ, ਨਾ ਤੰਦਰੁਸਤ ਤੇ ਨਾ ਬਿਮਾਰ।"

"ਚਲਾਕੋ ਭਾਬੀਏ, ਇਹ ਕੀ ਬੁਝਾਰਤ ਹੋਈ?" ਕਰਮਿੰਦਰ ਪੁੱਛਦੀ ਹੈ।

"ਤੰਦਰੁਸਤ ਏਸ ਕਰਕੇ ਨਹੀਂ, ਕਹਿੰਦੀ ਰਹਿੰਦੀ ਐ, ਮੈਂ ਬਿਮਾਰ ਹਾਂ। ਬਿਮਾਰ ਏਸ ਕਰਕੇ ਨਹੀਂ, ਕਹਿੰਦੀ ਰਹਿੰਦੀ ਐ, ਮੈਨੂੰ ਪਤਾ ਨਹੀਂ ਲਗਦਾ, ਮੇਰਾ ਦੁਖਦਾ ਕੀ ਐ।" ਦਰਸ਼ਨ ਬੁਝਾਰਤ ਨੂੰ ਹੋਰ ਉਲਝਾਉਂਦੀ ਹੈ।

"ਲੈ ਬੁੱਝ ਲੈ ਆਬਦੀ ਭਾਬੀ ਦੀ ਬੁਝਾਰਤ", ਜਗਦੀਪ ਕੌਰ ਵੀ ਹੱਸ ਪੈਂਦੀ ਹੈ। ਪਰ ਛੇਤੀ ਹੀ ਉਹ ਗੰਭੀਰ ਹੋ ਜਾਂਦੀ ਹੈ, "ਕਰਮਿੰਦਰੇ, ਸੱਚੀ ਗੱਲ ਐ, ਦੁਖਦਾ ਤਾਂ ਮੇਰਾ ਕੁਛ ਹੈ ਨਹੀਂ। ਪਰ ਸਰੀਰ ਵਿਚ ਜਿਵੇਂ ਜਾਨ ਵੀ ਨਹੀਂ। ਮਨ ਬੁਝਿਆ-ਬੁਝਿਆ ਰਹਿੰਦਾ ਐ। ਮੰਜੇ ਤੋਂ ਉੱਠਣ ਨੂੰ, ਕਿਸੇ ਕੰਮ ਵਿਚ ਹੱਥ ਪਾਉਣ ਨੂੰ ਦਿਲ ਹੀ ਨਹੀਂ ਕਰਦਾ।"

"ਡਾਕਟਰ ਨੂੰ ਦਿਖਾਉਣਾ ਸੀ", ਕਰਮਿੰਦਰ ਸਲਾਹ ਦਿੰਦੀ ਹੈ।

"ਦਿਖਾਇਆ ਸੀ, ਬੀਬੋ। ਬਥੇਰੀਆਂ ਟੂਟੀਆਂ ਲਾ ਕੇ ਦੇਖੀਆਂ, ਬਥੇਰੇ ਟੈਸਟ ਕੀਤੇ। ਅਖ਼ੀਰ ਕਹਿੰਦਾ, ਕੁਝ ਨਹੀਂ ਹੋਇਆ, ਐਵੇਂ ਮਾੜੀ-ਮੋਟੀ ਕਮਜ਼ੋਰੀ ਐ।.... ਤਾਕਤ ਦੇ ਟੀਕੇ ਲਾ ਦਿੱਤੇ। ਕੁਛ ਦਵਾਈਆਂ ਦੇ ਦਿੱਤੀਆਂ।" ਦਰਸ਼ਨ ਦਸਦੀ ਹੈ। "ਕੋਈ ਫ਼ਰਕ ਤਾਂ ਪਿਆ ਲਗਦਾ ਨਹੀਂ ਅਜੇ।"

"ਮਾਸੀ, ਤੂੰ ਮੇਰੇ ਨਾਲ ਚੱਲ। ਚੰਡੀਗੜ੍ਹ ਡਾਕਟਰ ਨੂੰ ਦਿਖਾਉਂਦੇ ਹਾਂ। ਕੁੰਦਨ ਬਣਾ ਕੇ ਭੇਜੂੰ ਤੈਨੂੰ", ਕਰਮਿੰਦਰ

ਕਹਿੰਦੀ ਹੈ।

ਜਗਦੀਪ ਕੌਰ ਸਿਰ ਮਾਰਦੀ ਹੈ, "ਲੈ ਹੈ ਖ਼ਾਹਮਖ਼ਾਹ। ਕੀ ਹੋਇਆ ਐ ਮੈਨੂੰ ਚੰਡੀਗੜ੍ਹ ਲਿਜਾਣ ਨੂੰ।"

"ਨਹੀਂ ਮਾਸੀ, ਚੱਲ ਮੇਰੇ ਨਾਲ। ਜੇ ਕੋਈ ਲੀੜਾ-ਕੱਪੜਾ ਲੈਣਾ ਹੈ, ਲੈ ਲੈ। ਨਹੀਂ ਤਾਂ ਲੋੜ ਨਹੀਂ। ਉਥੇ ਬਥੇਰੇ ਹੈਗੇ। ਆਪਣੇ ਮੇਚੇ ਵਿਚ ਕੋਈ ਫ਼ਰਕ ਤਾਂ ਹੈ ਨਹੀਂ", ਕਰਮਿੰਦਰ ਜ਼ੋਰ ਦਿੰਦੀ ਹੈ। "ਵਹਿਮ ਹੋਵੇ ਤਾਂ ਕੱਢ ਲੈਣਾ ਚਾਹੀਦਾ ਹੈ। ਹੁਣ ਤਾਂ ਆਖਦੇ ਨੇ, ਕਿਸੇ ਵੀ ਬੀਮਾਰੀ ਦਾ ਇਲਾਜ ਟਾਲਣਾ ਨਹੀਂ ਚਾਹੀਦਾ। ਕਈ ਵਾਰ ਘੌਲ ਕੀਤਿਆਂ ਮਗਰੋਂ ਬੀਮਾਰੀ ਕਾਬੂ ਕਰਨੀ ਔਖੀ ਹੋ ਜਾਂਦੀ ਹੈ।"

"ਜਿਹੜੇ ਡਾਕਟਰ ਤੋਂ ਇਥੇ ਦਵਾਈ ਲਈ ਸੀ, ਉਹ ਵੀ ਬਥੇਰਾ ਸਿਆਣਾ ਦਸਦੇ ਐ। ਚੰਡੀਗੜ੍ਹ ਵਾਲੇ ਕਿਹੜਾ ਉਤੋਂ ਉੱਤਰੇ ਹੋਏ ਨੇ ਕੋਈ", ਜਗਦੀਪ ਕੌਰ ਬਹਾਨਾ ਬਣਾਉਂਦੀ ਹੈ। "ਨਾਲ ਧੀਏ, ਮੈਂ ਤੇਰੇ ਮਾਸੜ ਜੀ ਨਾਲ ਸਲਾਹ ਕਰੇ ਬਿਨਾਂ ਥੋੜ੍ਹੇ ਤੁਰ ਜਾਊਂ ਉੱਠ ਕੇ ਤੇਰੇ ਨਾਲ?"

"ਮਾਸੜ ਜੀ ਨੂੰ ਮਿਲੇ ਬਿਨਾਂ ਤਾਂ ਮੈਂ ਵੀ ਨਹੀਂ ਜਾਣ ਲੱਗੀ, ਮਾਸੀਏ। ਨਾਲੇ ਸੁਖਬੀਰ ਵੀਰ ਨੂੰ। ਪਰ ਤਿਆਰ ਤਾਂ ਹੋ। ਉਹਨਾਂ ਨੂੰ ਖੇਤੋਂ ਬੁਲਾਉਣ ਲਈ ਭੇਜੋ ਤਾਂ ਸਹੀ ਕਿਸੇ ਨੂੰ। ਉਹ ਆਉਣ ਤਾਂ ਆਪਾਂ ਬੱਸ ਵੇਲੇ-ਸਿਰ ਤੁਰ ਚੱਲੀਏ।... ਮੈਂ ਤਾਂ ਘਰੇ ਪੱਕਾ ਮੁੜਨਾ ਆਖ ਕੇ ਆਈ ਹਾਂ।"

"ਇਕ ਵਾਰ ਡਾਕਟਰਾਂ ਦੇ ਵੱਸ ਪੈ ਜਾਈਏ, ਧੀਏ, ਛੇਤੀ-ਛੇਤੀ ਪਿੱਛਾ ਨਹੀਂ ਛਡਦੇ", ਜਗਦੀਪ ਕੌਰ ਇਕ ਹੋਰ ਸੰਸਾ ਸਾਂਝਾ ਕਰਦੀ ਹੈ। "ਮੈਨੂੰ ਐਨੇਂ ਦਿਨ ਧੀ-ਘਰ ਰਹਿਣਾ ਵੀ ਠੀਕ ਨਹੀਂ ਲਗਦਾ।"

"ਮਾਸੀ, ਹੱਦ ਕਰਦੀ ਹੈਂ ਤੂੰ ਵੀ! ਕਿਹੜੇ ਜਨਮਾਂ ਦੀਆਂ ਗੱਲਾਂ ਕਰਦੀ ਹੈਂ ਤੂੰ ? ਨਾਲੇ ਗੁਰਬਿੰਦਰ ਨੂੰ ਤਾਂ ਮੈਥੋਂ ਬਹੁਤਾ ਚਾਅ ਚੜ੍ਹ ਜਾਣਾ ਹੈ।.... ਥਾਂ ਦੀ ਸੁੱਖ ਨਾਲ ਆਪਣੇ ਕੋਈ ਘਾਟ ਨਹੀਂ। ਨਵੀਂ ਕੋਠੀ ਲਈ ਹੈ, ਮੋਹਾਲੀ, ਫ਼ੈਕਟਰੀ ਦੇ ਨੇੜੇ। ਬਥੇਰੀ ਖੁੱਲ੍ਹੀ ਐ।" ਕਰਮਿੰਦਰ ਉਹਦਾ ਸੰਸਾ ਲਾਹੁੰਦੀ ਹੈ। "ਰਹੀ ਡਾਕਟਰ ਦੀ ਸਮੱਸਿਆ। ਪਿੱਛਾ ਨਾ ਛੱਡਣ ਵਾਲੀ ਕੋਈ ਗੱਲ ਨਹੀਂ। ਉਹ ਤਾਂ ਮੇਰੀ ਸਹੇਲੀ ਹੈ। ਸਮਝ ਲੈ ਜਿਵੇਂ ਚੁੰਨੀ-ਵਟ ਹੋਵੇ!"

ਕੋਠੀ ਦੇਖ ਕੇ ਜਗਦੀਪ ਕੌਰ ਖੁਸ਼ ਹੋ ਜਾਂਦੀ ਹੈ। ਅੱਗੇ ਗਦੇਲੇ ਵਰਗਾ ਘਾਹ ਹੈ ਅਤੇ ਉਹਦੇ ਚਾਰ-ਚੁਫ਼ੇਰੇ ਖ਼ੂਬਸੂਰਤ ਫੁੱਲ-ਬੂਟੇ ਹਨ। ਪਿਛਲੇ ਪਾਸੇ ਇਹਤੋਂ ਵੀ ਵੱਧ ਥਾਂ ਵਿਚ ਫਲਾਂ ਦੇ ਦਰਖ਼ਤ ਹਨ, ਸਬਜ਼ੀਆਂ ਦੀਆਂ ਕਿਆਰੀਆਂ ਹਨ ਅਤੇ ਨੌਕਰਾਣੀ ਦਾ ਕਮਰਾ ਹੈ। ਦੋਵਾਂ ਹਰਿਆਲੀਆਂ ਦੇ ਵਿਚਕਾਰ ਕੋਠੀ ਹੈ। ਸਜੇ-ਸੰਵਰੇ ਵੱਡੇ ਕਮਰੇ ਹਨ, ਗਿਣਤੀ ਵਿਚ ਟੱਬਰ ਦੇ ਜੀਆਂ ਤੋਂ ਵੀ ਬਹੁਤੇ। ਹਰ ਕਮਰੇ ਨਾਲ ਗੁਸਲਖ਼ਾਨਾ ਹੈ। ਕਮਰੇ ਜਿੱਡੀ ਹੀ ਖੁੱਲ੍ਹੀ- ਮੋਕਲੀ ਰਸੋਈ ਹੈ।

ਜਗਦੀਪ ਕੌਰ ਆਖਦੀ ਹੈ, "ਕਰਮਿੰਦਰ ਲੰਘਦਿਆਂ-ਲੰਘਦਿਆਂ ਜਿੰਨਾ ਕੁ ਦੇਖਿਆ, ਤੇਰਾ ਚੰਡੀਗੜ੍ਹ ਵੀ ਸੋਹਣਾ, ਤੇਰੀ ਮੋਹਾਲੀ ਵੀ ਸੋਹਣੀ, ਪਰ ਸਭ ਤੋਂ ਸੋਹਣੀ ਤਾਂ, ਧੀਏ, ਆਪਣੀ ਕੋਠੀ ਐ।"

ਕੁਝ ਬੋਲਣ ਦੀ ਥਾਂ ਉਹ ਕੇਵਲ ਮੁਸਕਰਾ ਦਿੰਦੀ ਹੈ। ਫੇਰ ਕਹਿੰਦੀ ਹੈ, "ਕੱਲ੍ਹ ਨੂੰ ਝੀਲ, ਰਾਕ ਗਾਰਡਨ, ਰੋਜ਼ ਗਾਰਡਨ ਦਿਖਾ ਕੇ ਲਿਆਊਂ। ਨਾਲੇ ਸ਼ਾਮ ਨੂੰ ਸਤਾਰਾਂ ਸੈਕਟਰ ਦੀ ਮਾਰਕਿਟ ਦਿਖਾਊਂ। ਦੇਖੀਂ ਮਾਸੀ ਤੈਥੋਂ ਵੱਡੀ ਉਮਰ ਦੀਆਂ ਜ਼ਨਾਨੀਆਂ ਕਿਵੇਂ ਪਰੀਆਂ ਬਣੀਆਂ ਫਿਰਦੀਆਂ ਨੇ। ਐਵੇਂ ਦਿਲ ਢਾਹੀਂ ਬੈਠੀ ਹੈਂ ਤੂੰ।... ਮਗਰੋਂ ਆਪਾਂ ਡਾਕਟਰ ਦੇ ਚੱਲਣਾ ਹੈ।"

ਕਰਮਿੰਦਰ ਨੇ ਰਸ਼ਿਮ ਨੂੰ ਸ਼ਾਮੀਂ ਆਉਣ ਬਾਰੇ ਦੱਸ ਦਿੱਤਾ ਹੈ। ਮਾਸੀ ਜੀ ਦੇ ਰੋਗ ਦੀ ਮੋਟੀ-ਮੋਟੀ ਜਾਣਕਾਰੀ ਵੀ ਦੇ ਦਿੱਤੀ ਹੈ।

ਝੀਲ ਉਤੇ, ਦਿਨ ਹੋਣ ਕਰਕੇ, ਬਹੁਤੀ ਰੌਣਕ ਤਾਂ ਨਹੀਂ, ਪਰ ਜਗਦੀਪ ਕੌਰ ਨੂੰ ਖੁੱਲ੍ਹਾ-ਖੁਲਾਸਾ ਮਾਹੌਲ, ਝੀਲ ਦਾ ਸ਼ਾਂਤ ਪਾਣੀ, ਪਿੱਛੇ ਖਲੋਤੇ ਪਹਾੜ, ਸਭ ਕੁਝ ਸੁਖਾਵਾਂ-ਸੁਖਾਵਾਂ ਲਗਦਾ ਹੈ।

ਕਰਮਿੰਦਰ ਇਹ ਪ੍ਰਭਾਵ ਪਛਾਣ ਕੇ ਆਖਦੀ ਹੈ, "ਦੇਖ ਮਾਸੀ ਕੁਦਰਤ ਬੰਦੇ ਨੂੰ ਕਿਵੇਂ ਸ਼ਾਂਤ ਰਹਿਣ ਦਾ ਸੁਨੇਹਾ ਦਿੰਦੀ ਹੈ।"

ਰਾਕ ਗਾਰਡਨ ਦੀਆਂ ਮੂਰਤੀਆਂ ਦੇਖ ਕੇ ਜਗਦੀਪ ਕੌਰ ਨੂੰ ਸਮਝ ਨਹੀਂ ਆਉਂਦੀ ਕਿ ਉਹ ਕਾਹਦੀਆਂ ਬਣਾਈਆਂ ਹੋਈਆਂ ਹਨ। ਕਰਮਿੰਦਰ ਉਹਨੂੰ ਨੇਕ ਚੰਦ ਬਾਰੇ ਅਤੇ ਰਾਕ ਗਾਰਡਨ ਦੇ ਇਤਿਹਾਸ ਬਾਰੇ ਦਸਦੀ ਹੈ। ਉਹ ਹੈਰਾਨ ਹੋਈ ਜਗਦੀਪ ਕੌਰ ਨੂੰ ਇਹਦੇ ਅਰਥ ਸਮਝਾਉਂਦੀ ਹੈ ਕਿ ਭੈੜ ਵਿਚੋਂ ਵੀ ਮਨੁੱਖ ਨੂੰ ਚੰਗਿਆਈ ਲੱਭ ਲੈਣੀ ਚਾਹੀਦੀ ਹੈ। ਉਹ ਮਾਸੀ ਦੇ ਉਤੋਂ ਦੀ ਬਾਂਹ ਵਲ ਕੇ ਆਖਦੀ ਹੈ, "ਤੇ ਜੀਹਨੂੰ ਤੇਰੇ ਵਾਂਗ ਕੁਛ ਹੋਇਆ ਹੀ ਨਾ ਹੋਵੇ, ਉਹਨੂੰ ਕਦੇ ਚਿੱਤ ਭੈੜਾ ਨਹੀਂ ਕਰਨਾ ਚਾਹੀਦਾ।"

ਰੋਜ਼ ਗਾਰਡਨ ਵਿਚ ਦੂਰ-ਦੂਰ ਤੱਕ ਮਖ਼ਮਲੀ ਘਾਹ ਦੀ ਹਰਿਆਲੀ ਫੁਲਕਾਰੀ ਦੀ ਭੋਇੰ ਵਾਂਗ ਵਿਛੀ ਹੋਈ ਹੈ ਅਤੇ

ਉਸ ਉਤੇ ਗੁਲਾਬ ਦੀਆਂ ਕਿਆਰੀਆਂ ਰੰਗ-ਬਰੰਗੀਆਂ ਬੂਟੀਆਂ ਵਾਂਗ ਸਜ ਰਹੀਆਂ ਹਨ। ਜਗਦੀਪ ਕੌਰ ਦੇ ਮੂੰਹੋਂ ਪ੍ਰਸੰਸਾ ਦੇ ਸ਼ਬਦ ਆਪਮੁਹਾਰੇ ਨਿਕਲ ਜਾਂਦੇ ਹਨ, "ਆਹ ਤਾਂ ਹੱਦ ਕੀਤੀ ਪਈ ਐ ਭਾਈ ਕਿਸੇ ਨੇ!"

ਕਰਮਿੰਦਰ ਖ਼ੁਸ਼ ਹੋ ਜਾਂਦੀ ਹੈ, "ਇਹ ਹੋਈ ਨਾ ਗੱਲ, ਮਾਸੀ। ਦੇਖ ਘਾਹ-ਬੂਟੇ ਵੀ ਖਿੜੇ ਪਏ ਨੇ, ਬੰਦਾ ਉਦਾਸ ਕਿਉਂ ਹੋਵੇ!"

ਰਸ਼ਿਮ ਵੀ ਕਰਮਿੰਦਰ ਵਾਂਗ ਜਗਦੀਪ ਕੌਰ ਨੂੰ ਮਾਸੀ ਜੀ ਆਖ ਕੇ ਫਤਿਹ ਬੁਲਾਉਂਦੀ ਹੈ। ਬੀਮਾਰੀ ਬਾਰੇ ਪੁਛਦੀ ਹੈ।

ਜਗਦੀਪ ਕੌਰ ਅਤੇ ਕਰਮਿੰਦਰ, ਦੋਵਾਂ ਤੋਂ 'ਨਾ ਬੀਮਾਰ, ਨਾ ਤੰਦਰੁਸਤ' ਨਾਂ ਦੀ ਬੀਮਾਰੀ ਸੁਣ ਕੇ ਉਹ ਵੀ ਹੱਸ ਪੈਂਦੀ ਹੈ।

ਜਗਦੀਪ ਕੌਰ ਆਪਣੀ ਇਸ ਹਾਲਤ ਦੀ ਖੋਲ੍ਹ ਕੇ ਵਿਆਖਿਆ ਕਰਦੀ ਹੈ। ਵਿਚ-ਵਿਚ ਰਸ਼ਿਮ ਸਵਾਲ ਕਰਦੀ ਜਾਂਦੀ ਹੈ।

ਕਰਮਿੰਦਰ ਚਿੰਤਾ ਕਰਦੀ ਹੈ ਅਤੇ ਅੰਗਰੇਜ਼ੀ ਵਿਚ ਕਹਿੰਦੀ ਹੈ, "ਰਸ਼ਿਮ, ਧਿਆਨ ਨਾਲ ਦੇਖੀਂ, ਕੋਈ ਗੁੱਝਾ ਰੋਗ ਤਾਂ ਨਹੀਂ, ਜਿਸ ਦਾ ਪਤਾ ਨਾ ਲਗਦਾ ਹੋਵੇ।"

ਰਸ਼ਿਮ ਆਖਦੀ ਹੈ, "ਮੈਨੂੰ ਸਮਝ ਆ ਗਿਆ ਲਗਦਾ ਹੈ ਇਹਨਾਂ ਦਾ ਰੋਗ।... ਪਰ ਅਸੀਂ ਕੁਛ ਹੋਰ ਗੱਲਾਂ ਕਰਨੀਆਂ ਨੇ। ਕਰਮਿੰਦਰ, ਪਲੀਜ਼, ਤੁਸੀਂ ਰਿਸੈਪਸ਼ਨ ਵਿਚ ਬੈਠੋਂਗੇ ?"

ਉਹ ਜਾਣ ਲਈ ਖੜ੍ਹੀ ਹੁੰਦੀ ਹੈ, "ਜਿਵੇਂ ਹੁਕਮ ਜਨਾਬ ਦਾ।"

ਰਸ਼ਿਮ ਮੁਸਕਰਾਉਂਦੀ ਹੈ, "ਮਾਸੀ ਜੀ ਤੇਰੇ-ਮੇਰੇ ਲਈ ਇਕੋ ਜਿਹੇ ਨੇ, ਪਰ ਇਹ ਡਾਕਟਰ ਤੇ ਮਰੀਜ਼ ਦਾ ਰਿਸ਼ਤਾ ਹੈ। ਬੁਰਾ ਨਾ ਮਨਾਈਂ।"

ਭਾਵੇਂ ਉਹਨੂੰ 'ਰੋਗ' ਗੱਲਾਂ ਨਾਲ ਹੀ ਸਮਝ ਆ ਗਿਆ ਹੈ, ਪਰ ਰਸ਼ਿਮ ਚੰਗੀ ਤਰ੍ਹਾਂ ਘੋਖਦੀ-ਪਰਖਦੀ ਹੈ। ਉਹਨਾਂ ਦੀ ਉਮਰ ਪੁਛਦੀ ਹੈ ਅਤੇ ਫੇਰ ਉਮਰ ਨਾਲ ਸੰਬੰਧਿਤ ਕੁਝ ਹੋਰ ਗੱਲਾਂ ਪੁੱਛਦੀ ਹੈ। ਕਿਸੇ-ਕਿਸੇ ਸਵਾਲ ਨਾਲ ਜਗਦੀਪ ਕੌਰ ਨੂੰ ਸੰਗ ਜਿਹੀ ਲਗਦੀ ਹੈ। ਪਰ ਰਸ਼ਿਮ ਜਾਣਦੀ ਹੈ, ਮਰੀਜ਼ ਦੀ ਇਹ ਸੰਗ ਕਿਵੇਂ ਦੂਰ ਕਰਨੀ ਹੈ ਅਤੇ ਉਹਤੋਂ ਜਾਣਕਾਰੀ ਕਿਵੇਂ ਲੈਣੀ ਹੈ। ਉਹ ਹੱਸ ਕੇ ਝੂਠ ਬੋਲਦੀ ਹੈ, "ਅਜੇ ਪਿਛਲੇ ਮਹੀਨੇ ਹੀ, ਮਾਸੀ ਜੀ, ਮੈਂ ਆਬਦੀ ਮਾਂ ਦਾ ਇਹ ਰੋਗ ਠੀਕ ਕੀਤਾ ਹੈ।"

ਉਹ ਸਮਝਾਉਂਦੀ ਹੈ, "ਇਸ ਉਮਰ ਵਿਚ ਅਕਸਰ ਇਸਤਰੀਆਂ ਨੂੰ ਬੀਮਾਰੀ ਦਾ ਪਤਾ ਨਾ ਲੱਗਣ ਦੀ ਬੀਮਾਰੀ ਹੋ ਜਾਂਦੀ ਹੈ। ਬੀਮਾਰੀ ਦਾ ਪਤਾ ਤਾਂ ਇਸ ਕਰਕੇ ਨਹੀਂ ਲਗਦਾ ਕਿਉਂਕਿ ਬੀਮਾਰੀ ਕੋਈ ਹੁੰਦੀ ਹੀ ਨਹੀਂ। ਪਰ ਉਦਾਸ-ਨਿਰਾਸ ਉਹ ਇਸ ਕਰਕੇ ਰਹਿੰਦੀਆਂ ਨੇ ਕਿ ਬੀਮਾਰੀ ਦਾ ਪਤਾ ਨਹੀਂ ਲਗਦਾ।"

ਜਗਦੀਪ ਕੌਰ ਨੂੰ ਬੀਮਾਰੀ ਦਾ ਗੋਰਖਧੰਦਾ ਕੁਝ-ਕੁਝ ਸਮਝ ਆਉਣ ਤਾਂ ਲਗਦਾ ਹੈ। ਪਰ ਉਹ ਕਿੰਤੂ ਕਰਦੀ ਹੈ, "ਕੁਛ ਤਾਂ ਹੋਇਆ ਹੀ ਹੁੰਦਾ ਹੈ, ਪੁੱਤਰ। ਕੋਈ ਬਿਮਾਰੀ ਨਾ ਹੁੰਦਿਆਂ ਬਿਮਾਰ ਕੌਣ ਬਣਨਾ ਚਾਹੁੰਦੈ!"

ਰਸ਼ਿਮ ਆਪਣਾ ਹੱਥ ਬਹੁਤ ਨਰਮੀ ਨਾਲ ਜਗਦੀਪ ਕੌਰ ਦੇ ਹੱਥ ਉਤੇ ਰਖਦੀ ਹੈ, "ਚਾਹੁੰਦਾ ਕੋਈ ਨਹੀਂ, ਮਾਸੀ ਜੀ, ਪਰ ਆਪੇ ਹੀ ਚਾਹਿਆ ਜਾਂਦਾ ਹੈ। ਕੁਝ ਗੱਲਾਂ ਬਾਰੇ ਭੁਲੇਖਿਆਂ ਕਰਕੇ।... ਔਰਤ ਦੇ ਬੱਚਾ ਹੁੰਦਾ ਹੈ, ਦੁੱਧ ਉਤਰਦਾ ਹੈ। ਬੱਚਾ ਵੱਡਾ ਹੋ ਜਾਂਦਾ ਹੈ, ਦੁੱਧ ਸੁੱਕ ਜਾਂਦਾ ਹੈ। ਪਰ ਦੁੱਧ ਸੁੱਕਣ ਨਾਲ ਔਰਤ ਤਾਂ ਔਰਤ ਹੀ ਰਹਿੰਦੀ ਹੈ, ਕੁਛ ਹੋਰ ਤਾਂ ਨਹੀਂ ਬਣ ਜਾਂਦੀ।"

ਜਗਦੀਪ ਕੌਰ ਉਹਦੇ ਮੂੰਹ ਵੱਲ ਦੇਖਦੀ ਹੈ ਕਿ ਉਹਨੇ ਗੱਲ ਕਿਥੋਂ ਤੋਰੀ ਹੈ, ਪਰ ਲਿਜਾਵੇਗੀ ਕਿਧਰ ? ਉਹਨੂੰ ਤਾਂ ਬੱਚੇ ਜੰਮਿਆਂ ਮੁੱਦਤਾਂ ਹੋ ਗਈਆਂ।

ਰਸ਼ਿਮ ਜਿਵੇਂ ਉਹਦੇ ਮਨ ਦੀ ਗੱਲ ਦੀ ਤੰਦ ਫੜ ਲੈਂਦੀ ਹੈ, "ਇਕ ਉਮਰ ਹੁੰਦੀ ਹੈ ਬੱਚੇ ਪੈਦਾ ਕਰਨ ਦੀ। ਕੋਈ ਕਰੇ ਭਾਵੇਂ ਨਾ। ਉਹ ਲੰਘ ਜਾਂਦੀ ਹੈ ਤਾਂ ਦੁੱਧ ਸੁੱਕਣ ਵਾਂਗ ਸਰੀਰ ਵਿਚ ਕੁਛ ਹੋਰ ਫ਼ਰਕ ਪੈਂਦੇ ਨੇ। ਫੇਰ ਬੱਚਾ ਨਹੀਂ ਹੁੰਦਾ। ਭਾਵੇਂ ਕੋਈ ਚਾਹੇ ਵੀ। ਪਰ ਔਰਤ ਤਾਂ ਔਰਤ ਹੀ ਰਹਿੰਦੀ ਸੀ, ਮਾਸੀ ਜੀ।.... ਜੇ ਕੋਈ ਸ਼ੰਕਾ ਹੈ ਤਾਂ ਬੇਝਿਜਕ ਦੱਸੋ।"

"ਧੀਏ, ਗੱਲ ਤਾਂ ਤੇਰੀ ਠੀਕ ਹੀ ਹੋਊ", ਜਗਦੀਪ ਕੌਰ ਸਮੱਸਿਆ ਨੂੰ ਸਮਝ ਗਈ ਲਗਦੀ ਹੈ, "ਪਰ ਫੇਰ ਸਰੀਰ ਹਿੰਮਤ ਕਿਉਂ ਨਹੀਂ ਕਰਦਾ ?"

ਰਸ਼ਿਮ ਹਸਦੀ ਹੈ, "ਮਾਸੀ ਜੀ, ਮੇਰੀ ਗੱਲ ਠੀਕ ਹੋਊ ਨਹੀਂ, ਪੱਕੀ ਠੀਕ ਹੈ। ਮੈਂ ਗੱਡਾ ਕਿਤਾਬਾਂ ਦਾ ਪੜ੍ਹ ਕੇ ਡਾਕਟਰ ਬਣੀ ਹਾਂ।... ਬੱਸ ਤੁਸੀਂ ਮੇਰੀ ਗੱਲ ਸਮਝ ਲਵੋ ਤੇ ਬੀਮਾਰੀ ਦਾ ਵਹਿਮ ਮਨ ਵਿਚੋਂ ਕੱਢ ਦਿਓ। ਸਰੀਰ ਵਿਚ ਹਿੰਮਤ ਮੋੜ ਲਿਆਉਣੀ ਮੇਰੇ ਜ਼ਿੰਮੇ ਛੱਡੋ।"

ਉਹ ਸਟੈਥੋਸਕੋਪ ਗਲੇ ਵਿਚੋਂ ਉਤਾਰ ਕੇ ਮੇਜ਼ ਉਤੇ ਰੱਖਦੀ ਹੈ ਅਤੇ ਕਰਮਿੰਦਰ ਨੂੰ ਅੰਦਰ ਬੁਲਾਉਂਦੀ ਹੈ, "ਬਈ ਮਾਸੀ ਜੀ ਤਾਂ ਬਿਲਕੁਲ ਠੀਕ ਨੇ। ਚੰਗੇ-ਭਲੇ। ਤੁਸੀਂ ਕਿਉਂ ਖ਼ਾਹਮਖ਼ਾਹ ਇਹਨਾਂ ਨੂੰ ਰੋਗੀ-ਰੋਗੀ ਆਖ ਕੇ ਡਾਕਟਰਾਂ ਦੇ

ਚੁੱਕੀ ਫਿਰਦੇ ਹੋ ? ...ਬੱਸ ਮਾਮੂਲੀ ਕਮਜ਼ੋਰੀ ਹੈ ਜਿਸ ਕਰਕੇ ਸਰੀਰ ਸੁਸਤ ਜਿਹਾ ਰਹਿੰਦਾ ਹੈ। ਮੈਂ ਗੋਲੀਆਂ-ਕੈਪਸੂਲ ਲਿਖ ਦਿੰਦੀ ਹਾਂ। ਇਕ ਮਹੀਨਾ ਬਿਨਾਂ-ਨਾਗਾ ਦਿਓ। ਜੇ ਪਹਿਲਾਂ ਨਾਲੋਂ ਵੱਧ ਚੁਸਤ ਨਾ ਹੋ ਜਾਣ, ਜ਼ਿੰਮੇਵਾਰੀ ਮੇਰੀ।" ਉਹ ਕੁਝ ਵਿਟਾਮਿਨ ਆਦਿ ਲਿਖ ਕੇ ਪਰਚੀ ਕਰਮਿੰਦਰ ਨੂੰ ਫੜਾ ਦਿੰਦੀ ਹੈ।

ਕਰਮਿੰਦਰ ਡਾਕਟਰ ਦੀਆਂ ਲਿਖੀਆਂ ਦਵਾਈਆਂ ਖਰੀਦਦੀ ਹੈ।

ਮਾਰਕਿਟ ਵਿਚ ਜਿਹੋ ਜਿਹੀ ਰੌਣਕ ਹੈ, ਇਹੋ ਜਿਹੀ ਤਾਂ ਜਗਦੀਪ ਕੌਰ ਨੇ ਵਰ੍ਹੇ-ਛਿਮਾਹੀਂ ਲਗਦੇ ਮੇਲਿਆਂ ਵਿਚ ਵੀ ਨਹੀਂ ਦੇਖੀ। ਜਿਵੇਂ ਚੰਡੀਗੜ੍ਹ ਦਾ ਸਾਰਾ ਸੁਹੱਪਣ ਇਥੇ ਆ ਜੁੜਿਆ ਹੋਵੇ। ਉਹਤੋਂ ਇਹ ਨਿਰਣਾ ਨਹੀਂ ਹੁੰਦਾ ਕਿ ਸੂਟ ਵੱਧ ਸੋਹਣੇ ਨੇ ਕਿ ਸੂਟਾਂ ਵਾਲੀਆਂ। ਕੁੜੀਆਂ ਦੀਆਂ ਟੋਲੀਆਂ ਹਨ ਜਿਵੇਂ ਤੀਆਂ ਲੱਗੀਆਂ ਹੋਈਆਂ ਹੋਣ। ਏਨੀਆਂ ਕੁੜੀਆਂ ਤੇ ਏਨੀਆਂ ਸੁਹਣੀਆਂ ! ਹਸਦੀਆਂ ਨੇ ਤਾਂ ਜਿਵੇਂ ਫੁੱਲਝੜੀਆਂ ਛੁਟਦੀਆਂ ਨੇ। ਨੌਜਵਾਨ ਜੋੜੀਆਂ ਹਨ ਜਿਵੇਂ ਪੈਲਾਂ ਪਾ ਰਹੀਆਂ ਹੋਣ। ਪਰ ਉਹਦੀ ਨਜ਼ਰ ਸਭ ਤੋਂ ਬਹੁਤੀ ਧੌਲ-ਸਿਰੇ ਜੋੜਿਆਂ ਉਤੇ ਅਟਕਦੀ ਹੈ, ਨਾ ਤਾਂ ਜਿਨ੍ਹਾਂ ਦੀ ਸਜ-ਧਜ ਨੌਜਵਾਨ ਜੋੜਿਆਂ ਨਾਲੋਂ ਘੱਟ ਹੈ ਨਾ ਹੀ ਜਿਨ੍ਹਾਂ ਦੀਆਂ ਪੈਲਾਂ ਨੌਜਵਾਨ ਜੋੜਿਆਂ ਨਾਲੋਂ ਘੱਟ ਚੰਚਲ ਹਨ।

ਜਗਦੀਪ ਕੌਰ ਕਮਰੇ ਵਿਚ ਪਈ ਸੋਚਦੀ ਹੈ, ਸ਼ਾਇਦ ਡਾਕਟਰ ਦਾ ਕਹਿਣਾ ਠੀਕ ਹੀ ਹੈ- ਕੀ ਹੋਇਆ ਹੈ ਮੈਨੂੰ! ਦਵਾਈ ਲੈਂਦੀ ਹੈ ਤਾਂ ਜਿਵੇਂ ਉਹ ਜਾਨ ਬਣ ਕੇ ਲਹੂ ਵਿਚ ਘੁਲ ਜਾਂਦੀ ਹੈ। ਡਾਕਟਰ ਦਾ ਮਸ਼ਵਰਾ ਅਤੇ ਦਵਾਈਆਂ ਦਾ ਅਸਰ ਤਾਂ ਕਿਤੇ ਰਹੇ, ਕਰਮਿੰਦਰ ਦਾ ਵਸਦਾ-ਰਸਦਾ ਘਰ-ਪਰਿਵਾਰ ਦੇਖ ਕੇ ਹੀ ਉਹਦੀ ਬਿਮਾਰੀ ਅੱਧੀ ਰਹਿ ਜਾਂਦੀ ਹੈ।

ਸਵੇਰ ਵੇਲੇ ਪਹਿਲਾਂ ਬੱਚੇ ਸਕੂਲ ਜਾਂਦੇ ਹਨ ਅਤੇ ਫੇਰ ਗੁਰਬਿੰਦਰ ਫ਼ੈਕਟਰੀ ਜਾਂਦਾ ਹੈ। ਉਹਨਾਂ ਨੂੰ ਤੋਰ ਕੇ ਕਰਮਿੰਦਰ ਨ੍ਹਾਉਂਦੀ ਹੈ ਅਤੇ ਰਾਤ ਵਾਲਾ ਚੋਲਾ ਉਤਾਰ ਕੇ ਸੂਟ ਪਾ ਲੈਂਦੀ ਹੈ। ਸਫ਼ਾਈ ਵਾਲੀ ਤੋਂ ਕੰਮ ਕਰਵਾਉਂਦੀ ਹੈ, ਮਾਲੀ ਤੋਂ ਸਬਜ਼ੀ-ਫਲ ਤੁੜਵਾਉਂਦੀ ਹੈ ਤੇ ਗੋਡੀ-ਬਿਜਾਈ ਦੀਆਂ ਸਲਾਹਾਂ ਕਰਦੀ ਹੈ ਅਤੇ ਕੱਪੜੇ ਧੋਣ ਵਾਲੀ ਲਈ ਮਸ਼ੀਨ ਕੋਲ ਮੈਲੇ ਕੱਪੜਿਆਂ ਦੀ ਢੇਰੀ ਲਾ ਦਿੰਦੀ ਹੈ। ਆਪਣੀ ਤੇ ਜਗਦੀਪ ਕੌਰ ਦੀ ਚਾਹ ਆਪ ਬਣਾ ਕੇ ਲਿਆਉਂਦੀ ਹੈ ਅਤੇ ਨੌਕਰਾਣੀ ਨੂੰ ਆਪਣੇ ਲਈ ਤੇ ਬਾਕੀ ਕੰਮ ਵਾਲਿਆਂ ਲਈ ਚਾਹ ਬਣਾਉਣ ਵਾਸਤੇ ਕਹਿੰਦੀ ਹੈ।

ਦੁਪਹਿਰੇ ਬੱਚੇ ਆਉਂਦੇ ਹਨ। ਕੁਝ ਖਾਂਦੇ-ਪੀਂਦੇ ਹਨ, ਸੌਂਦੇ ਹਨ, ਖੇਡਦੇ ਹੰਨ, ਪੜ੍ਹਦੇ ਹਨ, ਟੀਵੀ ਦੇਖਦੇ ਹਨ। ਸ਼ਾਮ ਦੀ ਰੋਟੀ ਤੋਂ ਪਹਿਲਾਂ ਨ੍ਹਾ ਕੇ ਰਾਤ ਵਾਲੇ ਕੱਪੜੇ ਪਾ ਲੈਂਦੇ ਹਨ। ਰੋਟੀ ਮਗਰੋਂ ਆਪਣੇ ਗੁਸਲਖਾਨੇ ਵਿਚ ਜਾ ਕੇ ਬੁਰਸ਼ ਕਰਦੇ ਹਨ। ਸੌਣ ਤੋਂ ਪਹਿਲਾਂ ਫੇਰ ਪੜ੍ਹਦੇ ਰਹਿੰਦੇ ਹਨ।

ਜਗਦੀਪ ਕੌਰ ਦਾ ਚੇਤਾ ਉਸ ਸਮੇਂ ਵੱਲ ਪਰਤ ਜਾਂਦਾ ਹੈ ਜਦੋਂ ਬੇਟਾ ਸੁਖਬੀਰ ਅਤੇ ਬੇਟੀ ਸੁਖਪ੍ਰੀਤ ਇਹਨਾਂ ਬੱਚਿਆਂ ਦੀ ਉਮਰ ਦੇ ਸਨ। ਸੁਖਬੀਰ ਮਾਂ ਨਾਲ ਸੌਂਦਾ ਅਤੇ ਸੁਖਪ੍ਰੀਤ ਪਿਓ ਨਾਲ ਸੌਂਦੀ। ਦੋਵੇਂ ਇਕ ਬਾਂਹ ਅਤੇ ਇਕ ਲੱਤ ਮਾਂ-ਪਿਓ ਦੇ ਉਤੇ ਰੱਖ ਕੇ ਪੈਂਦੇ। ਤੇ ਦੋਵਾਂ ਦੀ ਨੀਂਦ ਬਹੁਤੇ ਬੱਚਿਆਂ ਦੇ ਉਲਟ ਏਨੀਂ ਪਤਲੀ ਸੀ ਕਿ ਲੱਤ-ਬਾਂਹ ਕਿੰਨੀ ਵੀ ਸਾਵਧਾਨੀ ਨਾਲ ਹਟਾਈ ਜਾਂਦੀ, ਉਹ ਰੌਲਾ ਪਾਉਣ ਲਗਦੇ। ਉਹਨਾਂ ਦੇ ਨਾਲ ਪਏ ਹੁੰਦਿਆਂ ਤਾਂ ਪਾਣੀ ਪੀਣ ਜਾਂ ਗੁਸਲਖਾਨੇ ਜਾਣ ਲਈ ਉੱਠਣਾ ਵੀ ਔਖਾ ਲਗਦਾ ਸੀ।

ਸ਼ਾਮ ਨੂੰ ਗੁਰਬਿੰਦਰ ਆਉਂਦਾ ਹੈ। ਬੱਚੇ ਸੋਫ਼ੇ ਉਤੇ ਉਹਦੇ ਦੋਵੇਂ ਪਾਸੀਂ ਆ ਬੈਠਦੇ ਹਨ। ਕਰਮਿੰਦਰ ਕੌਫ਼ੀ ਬਣਾਉਂਦੀ ਹੈ ਅਤੇ ਉਹ ਦੋਵੇਂ ਘਾਹ ਦੇ ਵਿਚਕਾਰ ਪਈਆਂ ਕੁਰਸੀਆਂ ਉਤੇ ਬੈਠ ਕੇ ਪੀਂਦੇ ਹਨ।

ਗੁਰਬਿੰਦਰ ਹੱਥ-ਮੂੰਹ ਧੋਂਦਾ ਹੈ ਅਤੇ ਦਿਨ ਵਾਲੇ ਕੱਪੜੇ ਉਤਾਰ ਕੇ ਦੁੱਧ-ਚਿੱਟੇ ਕਮੀਜ਼-ਪਜਾਮਾ ਪਾ ਲੈਂਦਾ ਹੈ। ਜਗਦੀਪ ਕੌਰ ਦੇ ਕਮਰੇ ਵਿਚ ਆ ਕੇ ਸਿਹਤ ਤੇ ਦਵਾਈ ਬਾਰੇ ਪੁੱਛਦਾ ਹੈ ਅਤੇ ਬੱਚਿਆਂ ਦੇ ਕਮਰਿਆਂ ਵਿਚ ਜਾ ਕੇ ਉਹਨਾਂ ਦੀ ਪੜ੍ਹਾਈ ਬਾਰੇ ਗੱਲਾਂ ਕਰਦਾ ਹੈ।

ਸਾਰੇ ਇਕੱਠੇ ਬੈਠ ਕੇ ਰੋਟੀ ਖਾਂਦੇ ਹਨ। ਜਗਦੀਪ ਕੌਰ ਨੂੰ ਗੁਰਬਿੰਦਰ ਤੋਂ ਸੰਗ ਲਗਦੀ ਹੈ ਅਤੇ ਉਹਨੇ ਪਹਿਲਾਂ ਹੀ ਰੋਟੀ ਕਮਰੇ ਵਿਚ ਭੇਜ ਦੇਣ ਲਈ ਕਿਹਾ ਹੋਇਆ ਹੈ।

ਖਾਣਾ ਖਾ ਕੇ ਗੁਰਬਿੰਦਰ ਅਤੇ ਕਰਮਿੰਦਰ ਕਿੰਨਾ ਚਿਰ ਬਾਹਰ ਘਾਹ ਉਤੇ ਘੁੰਮਦੇ ਰਹਿੰਦੇ ਹਨ ਅਤੇ ਗੱਲਾਂ ਕਰਦੇ ਰਹਿੰਦੇ ਹਨ।

ਜਗਦੀਪ ਕੌਰ ਦਾ ਧਿਆਨ ਧਰਮ ਸਿੰਘ ਵੱਲ ਚਲਿਆ ਜਾਂਦਾ ਹੈ। ਪੁੱਤ, ਧੀ, ਨੂੰਹ, ਜੁਆਈ, ਪੋਤਾ, ਦੋਹਤੀ, ਜਿਉਂ-ਜਿਉਂ ਪਰਿਵਾਰ ਵਧਦਾ ਰਿਹਾ ਹੈ, ਦੋਵਾਂ ਦਾ ਸੰਪਰਕ ਜਿਵੇਂ ਉਸੇ ਹਿਸਾਬ ਹੀ ਘਟਨਾ ਰਿਹਾ ਹੈ।

ਗੁਰਬਿੰਦਰ ਨ੍ਹਾਉਣ ਲਗਦਾ ਹੈ। ਨੌਕਰਾਣੀ ਉਹਨਾਂ ਦੋਵਾਂ ਦੇ ਦੁੱਧ ਦੇ ਗਲਾਸ ਕਮਰੇ ਵਿਚ ਰੱਖ ਕੇ ਢਕ ਦਿੰਦੀ ਹੈ। ਕਰਮਿੰਦਰ ਦੁੱਧ ਦੇ ਬਾਕੀ ਗਲਾਸ ਉਹਤੋਂ ਲੈ ਕੇ ਬੱਚਿਆਂ ਦੇ ਕਮਰਿਆਂ ਵਿਚ ਜਾਂਦੀ ਹੈ। ਕੋਲ ਬੈਠ ਕੇ ਦੁੱਧ ਪਿਆਉਂਦੀ ਹੈ। ਮੱਥਿਆਂ ਉਤੇ ਪਿਆਰ ਕਰਦੀ ਹੈ। ਕਮਰਿਆਂ ਦੇ

ਦਰਵਾਜਿਆਂ ਦੇ ਪਰਦੇ ਠੀਕ ਕਰਦੀ ਹੈ। ਤੀਜਾ ਗਲਾਸ ਉਹ ਮਾਸੀ ਜੀ ਦੀ ਤਿਪਾਈ ਉਤੇ ਰੱਖ ਦਿੰਦੀ ਹੈ। ਦੁੱਧ ਨਾਲ ਰਗ਼ਿਮ ਵਾਲੀਆਂ ਦਵਾਈਆਂ ਦਿੰਦੀ ਹੈ। ਕੋਲ ਬੈਠ ਕੇ ਗੱਲਾਂ ਕਰਦੀ ਹੈ। ਜਾਣ ਲੱਗੀ ਉਹਤੋਂ ਪੁੱਛ ਕੇ ਟਿਊਬ ਬੁਝਾ ਦਿੰਦੀ ਹੈ ਅਤੇ ਬਹੁਤ ਮੱਧਮ ਬਲਬ ਜਗਾ ਦਿੰਦੀ ਹੈ। ਬਾਹਰ ਆਉਂਦੀ ਹੋਈ ਕਮਰੇ ਦਾ ਪਰਦਾ ਠੀਕ ਕਰ ਦਿੰਦੀ ਹੈ।

ਗੁਰਬਿੰਦਰ ਨ੍ਹਾ ਕੇ ਨਿਕਲਦਾ ਹੈ ਤਾਂ ਭਿੰਨੀ-ਭਿੰਨੀ ਖ਼ੁਸ਼ਬੋ ਫੈਲ ਜਾਂਦੀ ਹੈ। ਕਰਮਿੰਦਰ ਨ੍ਹਾਉਣ ਚਲੀ ਜਾਂਦੀ ਹੈ। ਨ੍ਹਾ ਕੇ ਨਿਕਲਦੀ ਹੈ ਤਾਂ ਚਾਰ-ਚੁਫੇਰੇ ਖ਼ੁਸ਼ਬੋਆਂ ਦੇ ਬੁੱਲੇ ਖਿਖਰ ਜਾਂਦੇ ਹਨ। ਜਗਦੀਪ ਕੌਰ ਦਾ ਕਮਰਾ ਵੀ ਦੋਵਾਂ ਦੇ ਅਤਰ-ਫੁਲੇਲਾਂ ਦੀ ਸੁਗੰਧ ਨਾਲ ਭਰ ਜਾਂਦਾ ਹੈ।

ਜਗਦੀਪ ਕੌਰ ਦਾ ਧਿਆਨ ਫੇਰ ਧਰਮ ਸਿੰਘ ਵੱਲ ਚਲਿਆ ਜਾਂਦਾ ਹੈ। ਹੁਣ ਤਾਂ ਨਿਆਈਂ ਵਾਲੇ ਖੇਤ ਪੱਕਾ ਕੋਠਾ ਪਾ ਲਿਆ ਹੈ ਅਤੇ ਉਹ ਰਾਤ ਨੂੰ ਉਥੇ ਹੀ ਸੌਂਦਾ ਹੈ। ਸ਼ਾਮ ਦੀ ਰੋਟੀ ਕਦੀ ਘਰ ਆ ਕੇ ਖਾ ਜਾਂਦਾ ਹੈ, ਕਦੀ ਘਰ ਦਾ ਕੋਈ ਜੀਅ ਖੇਤ ਪੁਜਦੀ ਕਰ ਦਿੰਦਾ ਹੈ। ਪਹਿਲਾਂ ਜਦੋਂ ਉਹ ਘਰੇ ਵੀ ਸੌਂਦਾ ਸੀ, ਬਾਹਰਲੀ ਬੈਠਕ ਵਿਚ ਹੀ ਸੌਂਦਾ ਸੀ। ਆਮ ਕਰਕੇ ਟਿਊਬਵੈੱਲ ਚਲਾ ਕੇ ਖੇਤ ਹੀ ਬਿਨਾਂ ਸਾਬਣ ਤੋਂ ਨ੍ਹਾ ਆਉਂਦਾ ਸੀ ਅਤੇ ਉਹੋ ਦਿਨ ਵਾਲੇ ਕੱਪੜੇ ਪਾ ਕੇ ਘਰ ਆ ਜਾਂਦਾ ਸੀ।

ਜਗਦੀਪ ਕੌਰ ਹੈਰਾਨ ਹੁੰਦੀ ਹੈ, ਜਿਹੜਾ ਜੀਵਨ ਕਰਮਿੰਦਰ ਜਿਊਂ ਰਹੀ ਹੈ, ਸਵਰਗ ਇਹਤੋਂ ਵੱਧ ਹੋਰ ਕੀ ਹੁੰਦਾ ਹੋਵੇਗਾ। ਨਵੇਂ ਵਿਆਹਿਆਂ ਵਰਗੀ ਨੇੜਤਾ, ਨਵੇਂ ਵਿਆਹਿਆਂ ਵਰਗਾ ਪਿਆਰ। ਇਕ ਦੂਜੇ ਦੇ ਸਾਹ ਵਿਚ ਸਾਹ ਤਾਂ ਧਰਮ ਸਿੰਘ ਅਤੇ ਉਹ ਵੀ ਹੁਣ ਤੱਕ ਲੈਂਦੇ ਹਨ ਪਰ ਉਹਨਾਂ ਨੂੰ ਹੋਰ ਅਨਪੜ੍ਹ ਲੋਕਾਂ ਵਾਂਗ ਸੰਗ-ਸ਼ਰਮ ਦੀ ਚੰਦਰੀ ਬੀਮਾਰੀ ਚਿੰਬੜੀ ਹੋਈ ਹੈ। ਬੁਢਾਪੇ ਦੀ ਉਮਰ ਆਉਣ ਤੋਂ ਪਹਿਲਾਂ ਹੀ ਜਵਾਨੀ ਦੀ ਉਮਰ ਦਾ ਪੱਲਾ ਛੱਡ ਦਿੱਤਾ ਜਾਂਦਾ ਹੈ ਅਤੇ ਦੋਵੇਂ ਜੀਅ ਵਿਚ-ਵਿਚਾਲੇ ਬੇਉਮਰੇ ਹੀ ਲਟਕਦੇ ਰਹਿੰਦੇ ਹਨ। ਨਾ ਜਵਾਨੀ ਦਾ ਪੱਲਾ ਪੂਰੀ ਤਰ੍ਹਾਂ ਹੱਥੋਂ ਛੁਟਦਾ ਹੈ ਤੇ ਨਾ ਬੁਢਾਪੇ ਦਾ ਪੱਲਾ ਚੰਗੀ ਤਰ੍ਹਾਂ ਹੱਥ ਵਿਚ ਆਉਂਦਾ ਹੈ।

ਸ਼ਾਇਦ ਕਰਮਿੰਦਰ ਦੇ ਘਰ ਵਸੇ ਹੋਏ ਸਵਰਗ ਦਾ ਅਸਰ ਹੈ ਕਿ ਡਾਕਟਰ ਨੇ ਭਾਵੇਂ ਇਕ ਮਹੀਨੇ ਦਾ ਦਵਾਈ ਲਿਖ ਕੇ ਦਿੱਤੀ ਹੈ, ਪਰ ਜਗਦੀਪ ਕੌਰ ਦੀ ਤੰਦਰੁਸਤੀ ਪੰਜ-ਚਾਰ ਦਿਨਾਂ ਵਿਚ ਹੀ ਪਰਤਣ ਲੱਗੀ ਹੈ।

ਉਹ ਪਿੰਡ ਜਾਣ ਦੀ ਜ਼ਿੱਦ ਕਰਦੀ ਹੈ। ਏਨਾ ਪਿਆਰ-ਸਤਿਕਾਰ ਮਿਲਦਿਆਂ ਵੀ ਉਹਦਾ ਵਿਹਲੀ ਦਾ ਸਮਾਂ ਨਹੀਂ ਲੰਘਦਾ। ਉਹ ਆਖਦੀ ਹੈ, ਇਥੇ ਨਾ ਚਰਖਾ ਹੈ, ਨਾ ਅਟੇਰਨ। ਨਾਲੇ ਘਰ ਦਾ ਕੰਮ ਕਰਦਿਆਂ ਦਰਸ਼ਨ ਇਕੱਲੀ ਮਹਿਸੂਸ ਕਰਦੀ ਹੋਵੇਗੀ। ਬਿਨਾਂ ਆਖਿਆਂ ਇਹ ਵੀ ਸੋਚਦੀ ਹੈ ਕਿ ਧਰਮ ਸਿੰਘ ਦੀ ਰੋਟੀ ਵੀ ਵੇਲੇ-ਸਿਰ ਪੁਜਦੀ ਹੋਵੇਗੀ ਜਾਂ ਅੱਗਾ-ਪਿੱਛਾ ਹੀ ਹੋ ਜਾਂਦਾ ਹੋਵੇਗਾ।

ਆਖ਼ਰ ਕਰਮਿੰਦਰ ਨੂੰ ਮੰਨਣਾ ਪੈਂਦਾ ਹੈ। ਉਹ ਕਹਿੰਦੀ ਹੈ ਕਿ ਐਤਵਾਰ ਨੂੰ ਗੁਰਬਿੰਦਰ ਦਾ ਡਰਾਈਵਰ ਦੁਪਹਿਰੇ ਵਿਹਲਾ ਹੋ ਜਾਵੇਗਾ ਅਤੇ ਉਹਨੂੰ ਕਾਰ ਉਤੇ ਪਿੰਡ ਛੱਡ ਆਵੇਗਾ।

ਜਗਦੀਪ ਕੌਰ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਦਰਸ਼ਨ ਖ਼ੁਸ਼ ਹੋ ਜਾਂਦੀ ਹੈ। ਪੈਰੀਂ ਹੱਥ ਲਾ ਕੇ ਆਖਦੀ ਹੈ, "ਲਿਆ ਨੀ ਮਾਂ, ਪਹਿਲਾਂ ਤੇਰੀ ਨਜ਼ਰ ਉਤਾਰਾਂ!" ਉਹ ਮੋਹਾਲੀ ਬੈਠੀ ਬੀਬੋ ਨੂੰ ਅਸੀਸਾਂ ਦਿੰਦੀ ਹੈ।

ਗੋਗੂ ਦਾਦੀ ਤੋਂ ਪਿਆਰ ਤੇ ਕੇਲਾ ਲੈਂਦਾ ਹੈ ਅਤੇ ਆਪਣੀ ਖੇਡ ਵਿਚ ਮਸਤ ਹੋ ਜਾਂਦਾ ਹੈ। ਧਰਮ ਸਿੰਘ ਨਿਆਈਂ ਵਾਲੇ ਖੇਤ ਹੀ ਹੈ। ਸੁਖਬੀਰ ਪਿਛਲੇ ਦਾ ਸੀਰੀ ਨਾਲ ਤੂਤਾਂ ਵਾਲੇ ਖੇਤ ਨਹਿਰ ਦਾ ਪਾਣੀ ਲਾਉਣ ਗਿਆ ਹੋਇਆ ਹੈ। ਉਹ ਡੂੰਘੇ ਸੌਤੇ ਆਵੇਗਾ।

ਦਰਸ਼ਨ ਸ਼ਾਮ ਦੀ ਰੋਟੀ ਵੀ ਬਣਾਉਂਦੀ ਜਾਂਦੀ ਹੈ ਅਤੇ ਨੇੜੇ ਡਾਹੀ ਹੋਈ ਮੰਜੀ ਉਤੇ ਬੈਠੀ ਜਗਦੀਪ ਕੌਰ ਤੋਂ ਚੰਡੀਗੜ੍ਹ ਤੇ ਮੋਹਾਲੀ ਦੀਆਂ ਅਲੌਕਿਕ ਗੱਲਾਂ ਵੀ ਸੁਣਦੀ ਜਾਂਦੀ ਹੈ। ਸੋਚਦੀ ਹੈ, ਮਾਂ ਜੀ ਨੂੰ ਇਹ ਸਭ ਕੁਝ ਦੇਖ ਕੇ ਕਿੰਨਾ ਚੰਗਾ ਲਗਿਆ ਹੋਵੇਗਾ ਜੋ ਉਹਨੂੰ ਸੁਣ ਕੇ ਏਨਾ ਚੰਗਾ ਲਗਦਾ ਹੈ।

ਜਗਦੀਪ ਕੌਰ ਇਕ ਵਾਰ ਤਾਂ ਪਹਿਲਾਂ ਵਾਂਗ ਝਿੱਜਕ ਜਾਂਦੀ ਹੈ ਪਰ ਝੱਟ ਹੀ ਇੱਜਕ ਛੱਡ ਕੇ ਪੁਛਦੀ ਹੈ, "ਦਰਸ਼ਨ ਤੇਰੇ ਬਾਪੂ ਜੀ ਰੋਟੀ ਖਾਣ ਘਰੇ ਆਉਣਗੇ ਕਿ ਰੋਟੀ ਖੇਤ ਜਾਣੀ ਹੈ ?"

ਦਰਸ਼ਨ ਦਸਦੀ ਹੈ, "ਉਹਨਾਂ ਦੇ ਪੈਰ ਨੂੰ ਕੱਲ੍ਹ ਦੀ ਥੋੜ੍ਹੀ ਮੋਚ ਆਈ ਹੋਈ ਹੈ। ਰੋਟੀ ਖੇਤ ਹੀ ਜਾਣੀ ਹੈ।"

ਜਗਦੀਪ ਕੌਰ ਆਖਦੀ ਹੈ, "ਹਾਇ, ਹਾਇ, ਨੀ ਤੂੰ ਮੈਨੂੰ ਪਹਿਲਾਂ ਕਿਉਂ ਨਾ ਦੱਸਿਆ।... ਘਰੇ ਮੋਚ ਵਾਲਾ ਤੇਲ ਪਿਆ ਸੀ, ਖੇਤ ਭੇਜ ਦਿੱਤਾ ਸੀ ?"

ਦਰਸ਼ਨ ਝਿਪ ਜਿਹੀ ਜਾਂਦੀ ਹੈ, "ਨਹੀਂ, ਮਾਂ, ਮੋਚ ਬਹੁਤੀ ਨਹੀਂ ਸੀ ਆਈ।.... ਨਾਲੇ ਉਹ ਤੇਲ ਮੈਨੂੰ ਕਿਤੋਂ ਮਿਲਿਆ ਹੀ ਨਾ, ਬਥੇਰਾ ਭਾਲਿਆ।"

ਜਗਦੀਪ ਕੌਰ ਥੋੜ੍ਹੀ ਜਿਹੀ ਤਲਖ਼ੀ ਨਾਲ ਬੋਲਦੀ ਹੈ, "ਸਬਾਤ ਵਾਲੀ ਅਲਮਾਰੀ ਵਿਚ ਪਿਆ ਸੀ। ਉਥੇ ਹੀ ਤਾਂ ਪਿਆ ਹੁੰਦਾ ਹੈ।"

ਜਿਉਂ ਹੀ ਦਰਸ਼ਨ ਸਬਜ਼ੀ ਵਾਲਾ ਪਤੀਲਾ ਅੱਗ ਤੋਂ ਉਤਾਰ ਕੇ ਤਵਾ ਰੱਖਦੀ ਹੈ, ਜਗਦੀਪ ਕੌਰ ਅੰਦਰੋਂ ਧੋਤਾ ਹੋਇਆ ਸੂਟ ਲੈ ਕੇ ਨ੍ਹਾਉਣ ਜਾ ਲਗਦੀ ਹੈ। ਗੁਸਲਖ਼ਾਨਿਓਂ ਬਾਹਰ ਆ ਕੇ ਗਿੱਲਾ ਤੌਲੀਆ ਵਿਹੜੇ ਵਿਚ ਬੰਨ੍ਹੀ ਹੋਈ ਤਾਰ ਉਤੇ ਪਾਉਂਦਿਆਂ ਦਰਸ਼ਨ ਨੂੰ ਆਖਦੀ ਹੈ, "ਆਬਦੇ ਬਾਪੂ ਜੀ ਦੀ ਰੋਟੀ ਤਿਆਰ ਕਰ ਕੇ। ਨਾਲੇ ਦੁੱਧ ਦਾ ਡੋਲੂ। ਮੈਂ ਲੈ ਜਾਨੀ ਆਂ।" ਇਕ ਪਲ ਚੁੱਪ ਜਿਹੀ ਰਹਿੰਦੀ ਹੈ, ਫੇਰ ਦਸਦੀ ਹੈ, "..ਮੈਨੂੰ ਵੀ ਅਜੇ ਭੁੱਖ ਨਹੀਂ, ਮੇਰੀ ਰੋਟੀ ਵੀ ਵਿਚੇ ਹੀ ਪਾ ਦੇਈਂ। ਨਾਲੇ ਮੇਰੇ ਲਿਆਂਦੇ ਲਫਾਫਿਆਂ ਵਿਚੋਂ ਦੋ-ਦੋ ਸਿਉ ਤੇ ਕੇਲੇ ਰੱਖ ਦੇਈਂ।"

ਦਰਸ਼ਨ ਮੋਹਾਲੀ ਵੱਲ ਧਿਆਨ ਕਰ ਕੇ ਪੁੱਛਦੀ ਹੈ, "ਨਣਦੇ ਸ਼ਹਿਰਨੇ, ਕਿਹੜੀਆਂ ਪੁੜੀਆਂ ਖੁਆ ਦਿੱਤੀਆਂ ਮੇਰੀ ਸੱਸ-ਰਾਣੀ ਨੂੰ!"

ਉਹਦਾ ਦਿਲ ਜਗਦੀਪ ਕੌਰ ਨੂੰ ਕੁਝ ਕਹਿਣ ਨੂੰ ਕਰਦਾ ਹੈ। ਪਰ ਕਹਿੰਦੀ ਨਹੀਂ। ਬੱਸ ਮਨ ਹੀ ਮਨ ਮੁਸਕਰਾਉਂਦੀ ਹੈ।

ਰੋਟੀ ਅਤੇ ਦੁੱਧ ਦਰਸ਼ਨ ਤੋਂ ਲੈ ਕੇ ਜਗਦੀਪ ਕੌਰ ਕੰਧੋਲੀ ਉਤੇ ਰੱਖ ਦਿੰਦੀ ਹੈ। ਅੰਦਰੋਂ ਜਾ ਕੇ ਮੋਚ ਦੀ ਮਾਲਸ਼ ਵਾਲਾ ਤੇਲ, ਤੌਲੀਆ ਅਤੇ ਧਰਮ ਸਿੰਘ ਦੇ ਧੋਤੇ ਹੋਏ ਕੱਪੜੇ ਲੈ ਆਉਂਦੀ ਹੈ। ਗੁਸਲਖਾਨੇ ਵਿਚ ਜਾਂਦੀ ਹੈ ਅਤੇ ਤੁਰਨ ਲੱਗੀ ਆਖਦੀ ਹੈ, "ਦਰਸ਼ਨ ਕੁਰੇ, ਗੁਸਲਖਾਨੇ ਵਿਚ ਨਵੀਂ ਸਾਬਣ ਰੱਖ ਦੇਈ।... ਪੈਣ ਲੱਗ਼ੇ ਕੁੰਡਾ ਬੰਦ ਕਰ ਲਿਉ, ਮੈਂ ਤਾਂ ਖੇਤ ਹੀ ਰਹੂੰ।"


ਦਰਸ਼ਨ ਮੋਹਾਲੀ ਵੱਲ ਧਿਆਨ ਕਰ ਕੇ ਪੁਛਦੀ ਹੈ, "ਨਣਦੇ ਸ਼ਹਿਰਨੇ, ਕਿਹੜੀਆਂ ਪੋਥੀਆਂ ਪੜ੍ਹਾ ਦਿੱਤੀਆਂ ਮੇਰੀ ਸੱਸ-ਰਾਣੀ ਨੂੰ!"

ਉਹਦਾ ਦਿਲ ਜਗਦੀਪ ਕੌਰ ਨੂੰ ਕੁਝ ਕਹਿਣ ਨੂੰ ਕਰਦਾ ਹੈ। ਪਰ ਕਹਿੰਦੀ ਨਹੀਂ। ਬੱਸ ਮਨ ਹੀ ਹੀ ਮਨ ਹੱਸ ਪੈਂਦੀ ਹੈ।

(ਗੁਰਬਚਨ ਸਿੰਘ ਭੁੱਲਰ ਪੰਜਾਬੀ ਸਾਹਿਤ ਜਗਤ ਦੇ ਬਹੁਤ ਨਾਮਵਰ ਲੇਖਕ ਹਨ। ਭਾਰਤੀ ਸਾਹਿਤ ਅਕੈਡਮੀ ਸਮੇਤ ਅਨੇਕਾਂ ਵੱਡੀਆਂ ਛੋਟੀਆਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਤੋਂ ਮਾਨਤਾ ਅਤੇ ਪੁਰਸਕਾਰ ਪ੍ਰਾਪਤ। ਸੋਵੀਅਤ ਦੇਸ਼ ਅਤੇ ਪੰਜਾਬੀ ਟ੍ਰਿਬਿਊਨ ਜਿਹੇ ਪੱਤਰਾਂ ਦੇ ਸਯੋਗ ਸੰਪਾਦਕ ਰਹਿ ਚੁੱਕੇ ਹਨ। ਮਾਨਵੀ ਰਿਸ਼ਤਿਆਂ, ਸਰੋਕਾਰਾਂ ਨੂੰ ਬਹੁਤ ਬਾਰੀਕੀ ਨਾਲ ਘੋਖਣ ਅਤੇ ਬਿਆਨ ਕਰਨ ਵਿਚ ਮਾਹਰ ਬਹੁਤ ਪਿਆਰੇ ਮਿਤਰ ਭੁੱਲਰ ਸਾਹਿਬ ਦੀ ਇਕ ਕਹਾਣੀ ਬਹੁਤ ਉਤਕ੍ਰਿਸ਼ਟ ਰਚਨਾ ਮੰਨੀ ਜਾਂਦੀ ਹੈ– ਸੰਪਾਦਕ)

ਵਿਸ਼ਵੀਕਰਨ ਦਾ ਭੂਤ

—ਸ਼ਿਵਨਾਥ



ਫਿਰ ਗਿਆ ਏ ਸੁਰਖ਼
ਵਾਯੂ-ਮੰਡਲਾਂ ਉੱਤੇ ਹਨ੍ਹੇਰਾ।
ਕਿਸ ਤਰ੍ਹਾਂ ਭਾਏਗਾ,
ਅੱਖਾਂ ਵਾਲਿਆਂ ਨੂੰ ਇਹ ਸਵੇਰਾ?

ਕਿਸ ਤਰ੍ਹਾਂ ਚਹਿਕਣਗੇ ਪੰਛੀ,
ਵੇਖ ਕੇ ਐਸੀ ਬਹਾਰ?
ਪੇੜ-ਪੌਦੇ ਧੌਣਾਂ ਸੁੱਟੀ ਜਾਪਦੇ ਨੇ
ਤੜਕਸਾਰ।

ਨਾ ਕਿਸੇ ਮਾਲੀ 'ਚ ਦਮ ਹੈ,
ਨਾ ਕਿਤੋਂ ਛਿੜਿਆ ਏ ਰਾਗ।
ਬੁਝ ਰਹੇ ਨੇ ਹਰ ਕਿਸੇ ਦੀ
ਆਤਮਾ ਵਿਚੋਂ ਚਿਰਾਗ।

ਲੈ ਲਿਆ ਹੈ ਨ੍ਹੇਰ ਨੇ
ਬੁੱਕਲ 'ਚ ਸਾਡਾ ਆਸਮਾਨ।
ਕਿਸ ਤਰ੍ਹਾਂ ਦਾ ਪਿੰਡ,
ਬਣ ਚੱਲਿਆ ਏ ਇਹ ਸਾਰਾ ਜਹਾਨ।

ਮਰ ਰਹੀਆਂ ਨੇ ਹਰ ਕਿਸੇ ਦੇ
ਅੰਦਰੋਂ ਰੰਗੀਨੀਆਂ।
ਆ ਗਈਆਂ ਨੇ ਆਖ਼ਰੀ,
ਸਾਹਾਂ ਤੇ, ਨੁਕਤਾਚੀਨੀਆਂ।

ਕੌਣ ਆਖੇ ਰਾਜਿਆਂ ਨੂੰ,
ਇਹ ਨਹੀਂ ਚੰਗਾ ਵਿਹਾਰ।
ਉੱਡ ਗਿਆ ਲੱਗਦਾ ਹੈ,
ਧਰਤੀ-ਪੁੱਤਰਾਂ ਵਿਚੋਂ ਪਿਆਰ।

ਦੌੜਿਆ ਜਾਂਦਾ ਹੈ ਪੱਛਮ ਨੂੰ,
ਅਸਾਡਾ ਨੌਜਵਾਨ।
ਰਹਿ ਗਿਐ ਪਿੱਛੇ ਕਿਤੇ,
ਉਹਦੇ ਲਈ, ਹਿੰਦੋਸਤਾਨ।

੧੨੫੭-C-LIG
ਫੇਜ਼-੧੦-ਮੋਹਾਲੀ
੧੬੦੦੬੨

ਚਾਰ ਗ਼ਜ਼ਲਾਂ / —ਤ੍ਰੈਲੋਚਨ ਲੋਚੀ

੧

ਨਵੀਆਂ ਪਿਰਤਾਂ ਪਾਈ ਜਾਨੈਂ।
ਦੁੱਖਾਂ ਵਿਚ ਮੁਸਕਾਈ ਜਾਨੈਂ।

ਤੇਰਾ ਵੀ ਤਾਂ ਘਰ ਹੈ ਏਥੇ,
ਕਿਉਂ ਫਿਰ ਅੱਗਾਂ ਲਾਈ ਜਾਨੈਂ।

ਪਿੰਡ ਵੀ ਮੈਲਾ ਅੱਖ ਵੀ ਮੈਲੀ,
ਫਿਰ ਵੀ ਦਈ ਸਫਾਈ ਜਾਨੈਂ।

ਉਠ ਜਾਣਾ ਇਤਬਾਰ ਤਿਰੇ ਤੋਂ,
ਝੂਠੀਆਂ ਕਸਮਾਂ ਖਾਈ ਜਾਨੈਂ।

ਅਸੀਂ ਤਾਂ ਤੇਰੇ ਦਿਲ ਵਿਚ ਰਹਿੰਦੇ,
ਸਾਨੂੰ ਹੀ ਅਜ਼ਮਾਈ ਜਾਨੈਂ।

ਅਜੇ ਤਾਂ ਲੋਚੀਂ ਸ਼ੁਰੂ ਹੈ ਹੋਈ,
ਤੂੰ ਕਿਉਂ ਬਾਤ ਮੁਕਾਈ ਜਾਨੈਂ।

੨

ਫੁਲਾਂ ਦੇ ਵਿਚਕਾਰ ਕਿਤੇ ਵੀ।
ਚੁਭ ਸਕਦੇ ਨੇ ਖਾਰ ਕਿਤੇ ਵੀ।

ਬੰਦਿਆਂ ਵਾਂਗੂੰ ਤੋੜ ਨਿਭਾਈ,
ਕੀਤਾ ਜੇ ਇਕਰਾਰ ਕਿਤੇ ਵੀ।

ਖੁਸ਼ਬੂ-ਖੁਸ਼ਬੂ ਹੋਣਾ ਚਾਹਾਂ,
ਮਿਲ ਜਾਵੀਂ ਇਕਰਾਰ ਕਿਤੇ ਵੀ।

ਜ਼ੱਰਾ-ਜ਼ੱਰਾ ਕੂਕ ਰਿਹਾ ਏ,
ਸੁਣਦੀ ਨਾ ਸਰਕਾਰ ਕਿਤੇ ਵੀ।

ਹਾਲੇ ਏਨੇ ਲੋਕ ਨਈਂ ਮਾੜੇ,
ਮਿਲ ਸਕਦਾ ਹੈ ਪਿਆਰ ਕਿਤੇ ਵੀ।

ਘਰਾਂ 'ਚ, ਦਿਲਾਂ 'ਚ ਮੇਰਿਆ ਰੱਬਾ,
ਉਸਰੇ ਨਾ ਦੀਵਾਰ ਕਿਤੇ ਵੀ।

ਛੱਡਦੇ 'ਲੋਚੀ' 'ਵਾ ਵਿਚ ਉਡਣਾ,
ਪੈ ਸਕਦੀ ਹੈ ਮਾਰ ਕਿਤੇ ਵੀ।

੩

ਹਰ ਥਾਂ ਸੌਦੇ ਹੋਈ ਜਾਂਦੇ।
ਰਿਸ਼ਤੇ ਫਿੱਕੇ ਹੋਈ ਜਾਂਦੇ।

ਰੁਤਬੇ ਉੱਚੇ ਹੋਈ ਜਾਂਦੇ,
ਬੰਦੇ ਬੌਣੇ ਹੋਈ ਜਾਂਦੇ।

ਕੰਧਾਂ ਦੀ ਇਹ ਸਾਜ਼ਿਸ਼ ਦੇਖੋ,
ਘਰ ਨੇ ਨਿੱਕੇ ਹੋਈ ਜਾਂਦੇ।

ਦੇਖ ਨਵੀਂ ਤਹਿਜ਼ੀਬ ਦੇ ਚਾਲੇ,
ਗੁੰਮਸੁੰਮ ਬਾਬੇ ਹੋਈ ਜਾਂਦੇ।

ਹਰ ਵਸਤੂ ਦੇ ਦਾਮ ਅਕਾਸ਼ੀਂ,
ਬੰਦੇ ਸਸਤੇ ਹੋਈ ਜਾਂਦੇ।

'ਲੋਚੀ' ਹੁਣ ਤੂੰ ਬਣੀਂ ਸਿਆਣਾ,
ਬੱਚੇ ਵੱਡੇ ਹੋਈ ਜਾਂਦੇ।

੪

ਉਹ ਜੋ ਰਾਜਧਾਨੀ ਦੇ ਬਾਸ਼ਿੰਦੇ।
ਅਸਾਨੂੰ ਲਾਰਿਆਂ ਬਿਨ ਕੀ ਨੇ ਦਿੰਦੇ।
ਕਿਹੋ ਜਿਹੇ ਜ਼ਿੰਦਗੀ ਦੇ ਹਾਦਸੇ ਨੇ,
ਨਾ ਚੰਦਰੇ ਜੀਣ ਨਾ ਹੀ ਮਰਨ ਦਿੰਦੇ।
ਸੁਰਾਂ ਦੀ ਇਸ ਨਗਰ ਨੂੰ ਸਮਝ ਕਿੱਥੇ?
ਵਿਚਾਰੇ ਜਾਣ ਹੁਣ ਕਿੱਥੇ ਸਾਜ਼ਿੰਦੇ!
ਰਹੇ ਨਾ ਬਿਰਖ, ਵਣ ਹਰਿਆਵਲੇ ਨਾ,
ਉਸਾਰਨ ਆਲ੍ਹਣਾ ਕਿੱਥੇ ਪਰਿੰਦੇ?
ਕਦੇ ਸ਼ੁਭ ਕਰਮ ਤੋਂ ਨਾ ਥਿੜਕ ਜਾਵਾਂ,
ਤੂੰ ਦਿਹ ਵਰਦਾਨ ਮੈਨੂੰ ਹੇ ਗੋਬਿੰਦੇ।
ਵਿਦੇਸ਼ਾਂ ਦੀ ਕੇਹੀ ਛਣਕਾਰ 'ਲੋਚੀ',
ਨਚਾਈ ਜਾ ਰਹੀ ਹੈ ਪੁੱਤ ਛਿੰਦੇ।

੨੦-ਸੈਕਿੰਡ ਫਲੋਰ, ਐੱਚ. ਆਈ. ਜੀ
ਰਾਜਗੁਰੂ ਨਗਰ-ਲੁਧਿਆਣਾ
ਮੋਬਾ.-੯੮੧੪੨-੫੩੩੧੫

ਤ੍ਰਿਵੈਣੀ ਰੁੱਖ

—ਪ੍ਰੋ. ਕੁਲਵੰਤ ਔਜਲਾ

ਕੱਚੇ ਕੋਠੇ, ਕੱਚੀਆਂ ਕੰਧਾਂ ਤੇ
ਕੱਚੀ ਹੀ ਹਰ ਥਾਂ ਹੁੰਦੀ ਸੀ
ਕੱਚੇ ਘਰ ਵਿਚ ਸਭ ਤੋਂ ਪੱਕੀ
ਸਾਡੀ ਪਿਆਰੀ ਮਾਂ ਹੁੰਦੀ ਸੀ
ਸਿੱਧੇ ਸਾਦੇ ਲੋਕਾਂ ਦੇ ਲਈ
ਜ਼ਿੰਦਗੀ ਸਿਰਫ ਸਰਾਂ ਹੁੰਦੀ ਸੀ
ਨਾਮ ਜਿਹਨਾਂ ਦੇ ਉੱਤੇ ਪਿੰਡ ਵਿਚ
ਪੈਲੀ ਕਈ ਘੁਮਾਂ ਹੁੰਦੀ ਸੀ
ਜਾਂ ਹੁੰਦੀ ਸੀ ਕੋਰੀ ਨਾਂਹ ਤੇ
ਜਾਂ ਫਿਰ ਪੱਕੀ ਹਾਂ ਹੁੰਦੀ ਸੀ
ਸਾਡੇ ਵੱਡਿਆਂ ਦਾ ਸਰਮਾਇਆ
ਇਕ ਇਜ਼ਤਦਾਰ ਜ਼ੁਬਾਂ ਹੁੰਦੀ ਸੀ
ਨਾ ਹੀ ਹਿਰਖ਼ ਸੋਗ ਸੀ ਬਹੁਤਾ,
ਨਾ ਹੀ ਕੋਈ ਤਮਾਂ ਹੁੰਦੀ ਸੀ
ਨੇਕੀ ਅਤੇ ਸਰਾਫ਼ਤ ਹੀ ਬਸ
ਰੱਬ ਦੇ ਖ਼ਾਤੇ ਜਮਾਂ ਹੁੰਦੀ ਸੀ
ਖੂਹ ਖੂਹੀਆਂ ਦਾ ਮਿੱਠਾ ਪਾਣੀ,
ਸਭ ਦੀ ਇਜ਼ਤ ਧੀ ਧਿਆਣੀ
ਨਾਲ ਰਿਜ਼ਕ ਦੇ ਭਰੇ ਭੜੋਲੇ
ਤੇ ਗੋਕੇ ਦੁੱਧ ਲਈ ਗਾਂ ਹੁੰਦੀ ਸੀ
ਤੜਕੇ ਉੱਠਕੇ ਹਲ ਚਲਾਉਣਾ,
ਗਈ ਰਾਤ ਤਕ ਪਾਣੀ ਲਾਉਣਾ
ਕਿਰਤੀ ਜੇਹੇ ਸਰੀਰਾਂ ਦੇ ਵਿਚ
ਡਾਢੀ ਕਰੜੀ ਜਾਂ ਹੁੰਦੀ ਸੀ
ਗੰਜੀਆਂ, ਰਾਵੀਆਂ, ਨੀਲੀਆਂ ਬਾਰਾਂ,
ਨਹਿਰੀ ਪਾਣੀ ਦੀਆਂ ਬਹਾਰਾਂ
ਸਤਲੁਜ, ਰਾਵੀ, ਬਿਆਸ ਤੇ ਜੇਹਲਮ,
ਪੰਜਵੀਂ ਇਸ਼ਕ ਝਨਾਂ ਹੁੰਦੀ ਸੀ
ਫ਼ਸਲਾਂ ਨਾਲ ਮੁਹੱਬਤਾਂ ਕਰਦੇ,
ਦੁੱਖ ਸੁਖ ਸਭ ਪਿੰਡਿਆਂ 'ਤੇ ਜਰਦੇ
ਬੇਲਿਆਂ ਅਤੇ ਚਰਾਂਦਾਂ ਦੇ ਵਿਚ
ਡੰਗਰਾਂ ਦੀ ਥਾਂ ਥਾਂ ਹੁੰਦੀ ਸੀ
ਪੱਕੇ ਘਰਾਂ 'ਚ ਰਹਿੰਦੇ ਸਾਡੇ
ਬੱਚਿਆਂ ਸਾਨੂੰ ਪੁੱਛਿਆ ਕਰਨਾ
ਕੁਲਵੰਤ ਜੇਹੇ ਤ੍ਰਿਵੈਣੀ ਰੁੱਖ ਦੀ
ਕਿਸ ਪ੍ਰਕਾਰ ਦੀ ਛਾਂ ਹੁੰਦੀ ਸੀ।

ਇਕ ਅੱਧ ਹਰਿਆ ਬੂਟ

—ਪ੍ਰੋ. ਕੁਲਵੰਤ ਔਜਲਾ

ਕੁਝ ਖੰਡਰ ਹੋਈਆਂ ਨਿਸ਼ਾਨੀਆਂ, ਕੁਝ ਰੁੱਖ ਹਨ ਬਿਰਧ ਸਰੀਰ
ਸਾਡੇ ਲੂੰ ਲੂੰ ਵਿਚੋਂ ਮੁੱਕ ਗਿਆ, ਨਾਨਕ ਸ਼ਾਇਰ ਫ਼ਕੀਰ

ਰੁੱਖ ਰਿਸ਼ੀਆਂ ਦੀ ਦੋਸਤੀ ਤੇ ਮਿੱਟੀਆਂ ਦਾ ਇਤਿਹਾਸ
ਅੱਜ ਬੂੰਦ ਬੂੰਦ ਨੂੰ ਤਰਸਦੇ ਸਤਲੁਜ ਅਤੇ ਬਿਆਸ

ਪੱਥਰ ਹੋਈਆਂ ਇਮਾਰਤਾਂ ਪਰ ਬੋਲਣ ਅਜੇ ਵੀ ਥੇਹ
ਹੁਣ ਨਾ ਕਿਸੇ ਨੂੰ ਲਗਦੀ ਸੱਚੇ ਸੌਦੇ ਦੀ ਤੇਹ

ਜ਼ਹਿਰਾਂ ਬੀਜਣ ਲੱਗ ਪਿਆ ਅੰਨਦਾਤਾ ਕਿਰਸਾਨ
ਰਸਮ ਜੇਹੀ ਬਸ ਰਹਿ ਗਿਆ ਸ੍ਰੀ ਗੁਰੂ ਗ੍ਰੰਥ ਮਹਾਨ

ਬਾਬਾ ਤੇਰੇ ਘਰਾਂ ਵਿਚ ਮਲਕ ਭਾਗੋ ਪ੍ਰਧਾਨ
ਭਾਈ ਲਾਲੋ ਦੀ ਅਜੇ ਵੀ ਪਿੰਡ ਤੋਂ ਬਾਹਰ ਦੁਕਾਨ

ਰੂਹਾਂ ਵਿਚੋਂ ਸੁਕ ਗਈ ਬਾਬਾ ਤੇਰੀ ਰਬਾਬ
ਮੋਹ-ਅੱਖੀਆਂ ਨੂੰ ਤਾਂਘਦੀ ਖਿਦਰਾਣੇ ਦੀ ਢਾਬ

ਪੱਕੇ ਪੈਂਡਿਆਂ ਜੀਰ ਲਈ ਕੱਚਿਆਂ ਦੀ ਖੁਸ਼ਬੋਅ
ਅੱਖਰਾਂ ਵਿਚੋਂ ਮੁੱਕ ਗਈ ਦੀਵਿਆਂ ਵਾਲੀ ਲੋਅ

ਟਾਪੂ ਹੋ ਗਏ ਘਰਾਂ ਵਿਚ ਪੈਸਾ ਹੀ ਧਰਵਾਸ
ਪੌਂਡਾਂ ਦੇ ਲਈ ਕਰ ਗਿਆ ਅੱਧਾ ਪਿੰਡ ਪਰਵਾਸ

ਜੜ੍ਹਹੀਣ ਜੇਹੇ ਆਦਮੀ ਤੇ ਤ੍ਰੇਲ ਬੂੰਦ ਇਨਸਾਨ
ਉਮਰਾਂ ਤੋਂ ਵੀ ਪੱਕੇ ਪੀਡੇ ਪਰ ਪਾਈ ਫਿਰਨ ਮਕਾਨ

ਖ਼ੁਦਕੁਸ਼ੀਆਂ ਦੇ ਦੌਰ ਵਿਚ ਮੁੱਕਦੀ ਜਾਂਦੀ ਆਸ
ਅੰਨ੍ਹਾ ਹਾਕਮ ਖੇਡਦਾ, ਨਾਲ ਵਜ਼ੀਰਾਂ ਤਾਸ਼

ਕੁਰਸੀਆਂ ਫਾਈਲਾਂ ਖਾ ਲਿਆ ਟੁੱਕ ਟੁੱਕ ਹਿੰਦੁਸਤਾਨ
ਦਿਲ ਨਾਲ ਕੋਈ ਨਹੀਂ ਬੋਲਦਾ ਭਾਰਤ ਦੇਸ਼ ਮਹਾਨ

ਆਪਣਾ ਆਪ ਬਚਾਉਂਦਿਆਂ ਹੈ ਗਈ ਨਸਲ ਤਬਾਹ
ਲੱਭਦਾ ਨਹੀਂ ਕੁਲਵੰਤ ਨੂੰ ਬੇਗਮਪੁਰੇ ਦਾ ਰਾਹ

ਕਿਤੇ ਕਿਤੇ ਹੈ ਅਜੇ ਵੀ ਇਕ ਅੱਧ ਹਰਿਆ ਬੂਟ
ਵਿਰਲਾ ਕੋਈ ਕੋਈ ਢੂੰਡਦਾ ਅਜੇ ਵੀ ਚੌਥੀ ਕੂਟ

ਸਮੇਂ ਸਿਰ ਜਾਗ !

—ਪ੍ਰੋ. ਜਸਵੰਤ ਸਿੰਘ ਕੈਲਵੀ

ਫੁੱਟ ਫੁੱਟ ਭਰ ਚੜ੍ਹੀ ਹੈ ਫੁੱਟ ਏਥੇ ਬੀਜ ਏਕੇ ਦਾ ਕਿਸਤਰ੍ਹਾਂ ਫੁੱਟ ਸਕਦਾ?
ਅਸੀਂ ਘਰਦੀਆਂ ਢਾਹ ਰਹੇ ਆਪ ਕੰਧਾਂ, ਚੋਰ ਕੋਈ ਵੀ ਆਣਕੇ ਲੁੱਟ ਸਕਦਾ।
ਸਿਦਕ ਸਹਿਜ ਦੀ ਨਹੀਂ ਕੋਈ ਵਾੜ ਕੀਤੀ ਪੌਦਾ ਧਰਮ ਦਾ ਜੜ੍ਹੋਂ ਹੈ ਪੁੱਟ ਸਕਦਾ।
ਪਹਿਲਾਂ ਇਕ ਦੇ ਜੁੰਡੇ ਹੈ ਪਕੜ ਸਕਦਾ ਫੇਰ ਦੂਸਰੇ ਤਾਈਂ ਹੈ ਕੁੱਟ ਸਕਦਾ।
ਤਨ ਮਨ ਸਾਡਾ ਅਗਿਆਨਤਾ ਦੀ ਕਿੱਦਾਂ ਚੰਦਰੀ ਕੈਦ 'ਚੋਂ ਛੁੱਟ ਸਕਦਾ?
ਸਮੇਂ ਸਿਰ ਨਾ ਜਾਗਿਆ ਕੈਲਵੀ ਜੇ, ਤੇਰੀ ਸ਼ਾਨ ਦਾ ਕਿਲ੍ਹਾ ਹੈ ਟੁੱਟ ਸਕਦਾ।

ਸਿਰ ਚੁੱਕ ਰਿਹਾ ਅਤਿਵਾਦ ਏਥੇ, ਸਾਡੇ ਆਪਣੇ ਵਿਚ ਕਮਜ਼ੋਰੀਆਂ ਨੇ
ਆਗੂ ਕਰਨ ਹਰਾਮ ਕਮਾਈ ਏਥੇ ਲੁੱਟ ਲੁੱਟ ਕੇ ਭਰ ਰਹੇ ਬੋਰੀਆਂ ਨੇ।
ਕੱਖਾਂ ਵਾਂਗ ਹੈ ਰੁਲ ਰਿਹਾ ਆਮ ਬੰਦਾ ਧੱਕੇਸ਼ਾਹੀਆਂ ਤੇ ਸੀਨਾ ਜ਼ੋਰੀਆਂ ਨੇ।
ਸਾਡੇ ਤੰਤਰ ਨੂੰ ਹੈ ਅਧਰੰਗ ਹੋਇਆ ਇਦ੍ਹੇ ਵਿਚ ਹੁਣ ਸੌ ਸੌ ਮੋਰੀਆਂ ਨੇ।
ਧਰਮ ਮਜ਼ਹਬ ਤੇ ਜਾਤ ਦੇ ਨਾ ਉੱਤੇ ਖੜਾ ਕੋਈ ਵੀ ਕਰ ਹੈ ਗੁੱਟ ਸਕਦਾ।
ਸਮੇਂ ਸਿਰ ਨਾ ਜਾਗਿਆ ਕੈਲਵੀ ਜੇ, ਤੇਰੀ ਸ਼ਾਨ ਦਾ ਕਿਲ੍ਹਾ ਹੈ ਟੁੱਟ ਸਕਦਾ।

ਦਮ ਤੋੜ ਹੈ ਰਿਹਾ ਇਨਸਾਨ ਏਥੇ ਭ੍ਰਿਸ਼ਟਾਚਾਰ ਦੇ ਸੱਪ ਨੇ ਡੰਗਿਆ ਹੈ।
ਲੱਠ ਮਾਰ ਅੱਗੇ, ਧੱਕੇ ਸ਼ਾਹ ਅੱਗੇ ਠੇਡਾ ਮਾਰ ਕੇ ਮਾੜੇ ਨੂੰ ਲੰਘਿਆ ਹੈ।
ਦੇਸ਼ ਭਗਤੀ ਦੀ ਪੜ੍ਹੇ ਕਿਤਾਬ ਕਿਹੜਾ? ਵਰਕਾ ਵਰਕਾ ਹੀ ਲਹੂ ਵਿਚ ਰੰਗਿਆ ਹੈ।
ਖ਼ਾਤਰ ਕੁਰਸੀ ਦੀ ਨੇਤਾ ਈਮਾਨ ਵੇਚਣ ਇਹਨਾਂ ਜੁਰਮ ਨੂੰ ਛਿੱਕੇ ਤੇ ਟੰਗਿਆ ਹੈ।
ਅਨਪੜ੍ਹਤਾ ਗਰੀਬੀ ਹੈ ਵਧੀ ਜਾਂਦੀ ਬੇਰੁਜ਼ਗਾਰੀ ਨੂੰ ਕੋਈ ਨਾ ਸੁੱਟ ਸਕਦਾ।
ਜੇ ਨਾ ਸਮੇਂ ਸਿਰ ਜਾਗਿਆ 'ਕੈਲਵੀ' ਤੂੰ ਤੇਰੀ ਸ਼ਾਨ ਦਾ ਕਿਲ੍ਹਾ ਹੈ ਟੁੱਟ ਸਕਦਾ।

ਪਹਿਲੀ ਲੋੜ ਹੈ ਕਿ ਨੀਯਤ ਸਾਫ ਹੋਵੇ ਨੀਤੀ ਫੇਰ ਸੁਚੱਜੀ ਕੋਈ ਘੜੀ ਜਾਵੇ।
ਹੋਵੇ ਰੋਗ ਦਾ ਫੇਰ ਇਲਾਜ ਯਾਰੋ, ਜੜ੍ਹ ਜਦੋਂ ਬੀਮਾਰੀ ਦੀ ਫੜੀ ਜਾਵੇ।
ਜਿਨ੍ਹਾਂ ਚਿਰ ਨਹੀਂ ਫੌਜ ਹਥਿਆਰ ਕੋਲੇ ਓਨਾਂ ਚਿਰ ਨਾ ਜੰਗ ਕੋਈ ਲੜੀ ਜਾਵੇ।
ਹਰ ਨਾਗਰਿਕ ਦਾ ਵਿਸ਼ਵਾਸ ਜਿੱਤੋ ਗੱਲ ਜਬਰੀ ਨਾ ਥੋਪੀ ਤੇ ਮੜ੍ਹੀ ਜਾਵੇ
ਤੋਰੋ ਦੇਸ਼ ਵਿਕਾਸ ਦੇ ਰਾਹ ਉੱਤੇ ਜਿਹੜਾ ਸਮੇਂ ਦਾ ਫੜ ਹੈ ਗੁੱਟ ਸਕਦਾ।
ਸਮੇਂ ਸਿਰ ਨਾ ਜਾਗਿਆ 'ਕੈਲਵੀ' ਜੇ ਤੇਰੀ ਸ਼ਾਨ ਦਾ ਮਹਿਲ ਹੈ ਟੁੱਟ ਸਕਦਾ।

੧੧੮/੫ ਗੁਰੂ ਅਰਜਨ ਦੇਵ ਨਗਰ,
ਫ਼ਿਰੋਜ਼ਪੁਰ ਸ਼ਹਿਰ-੧੫੨੦੦੨
ਮੋ-੯੮੭੮੩-੮੧੪੭੪

ਦੋ ਗ਼ਜ਼ਲਾਂ / *—ਕਰਤਾਰ ਸਿੰਘ ਕਾਲੜਾ*

੧

ਜੁਵਕ-ਦਰਿਸ਼ਟੀ ਦੇ ਵਿਚ ਜਿਉਂ-ਜਿਉਂ ਛਲ ਭਰਿਆ ਹੈ।
ਬੁੱਢੇ ਹੱਡਾਂ ਨੇ ਵੀ ਤਿਉਂ ਤਿਉਂ ਬਲ ਧਰਿਆ ਹੈ।
ੀਵਨ ਜੋਤਿ ਜਗਾਈ ਰੱਖਣ ਖ਼ਾਤਿਰ ਆਪਾਂ,
ਪਹਿਲਾਂ ਵਾਂਗ ਹੀ ਹਰ ਮੌਸਿਮ ਦਾ ਖਲ਼ ਜਰਿਆ ਹੈ।
ੋਚਾਂ ਵਿਚ ਜੇ ਹੋਣ ਸਲੋਣੇ ਸੁਪਨੇ ਉਗਦੇ,
ਾਸ਼ਿਕ ਨੇ ਹਰ ਕਹਿਰ ਸਮੇਂ ਦਾ ਦਲ਼ ਧਰਿਆ ਹੈ।
ਜਿਸਨੇ ਵੀ ਸ਼ਕਤੀ ਦੀ ਓਟ 'ਚ ਲੁੱਟ ਮਚਾਈ,
ਕਤ ਆਉਣ 'ਤੇ ਵਕਤ ਨੇ ਉਸਨੂੰ ਮਲ ਧਰਿਆ ਹੈ।
ਨ ਦੀ ਮੌਜ 'ਚ ਰਹਿ ਕੇ ਜੋ ਸਾਗਰ ਠਿੱਲ੍ਹ ਜਾਵਣ,
ਹਨਾਂ ਤੋਂ ਹੀ ਹਰ ਔਕੜ ਦਾ ਹੱਲ ਸਰਿਆ ਹੈ।
ੀਆਂ ਦਾ ਧੰਨ ਸਾਂਭ ਸਾਂਭ ਧੰਨਵਾਨ ਜੋ ਹੋਵੇ,
ਖ਼ਸ ਅਜੇਹਾ ਰੋਮ-ਰੋਮ ਤੋਂ ਗਲ਼ ਮਰਿਆ ਹੈ।
ਹ ਮਾਇਆ ਦੀ ਜਕੜ ਜ਼ਮੀਰਾਂ ਮਾਰ ਹੈ ਦੇਂਦੀ,
ਨਾਨੂੰ ਪਰ ਮੋਹ-ਮਾਇਆ ਹੀ ਬਿਹਬਲ਼ ਕਰਿਆ ਹੈ।

੨

ਕੂੜ ਦੀ ਦੀਵਾਰ ਟੁੱਟ ਚੱਲੀ ਹੈ ਦੋਸਤ,
ਇਕ ਹਸਰਤ ਹੋਰ ਖੁਟ ਚੱਲੀ ਹੈ ਦੋਸਤ।
ਨਿੱਠ ਕੇ ਜਿਸਨੇ ਪੁਗਾਈ ਉਮਰ ਭਰ,
ਰੀਝ ਐਸੀ ਹੋਰ ਮੁਕ ਚੱਲੀ ਹੈ ਦੋਸਤ।
ਬਗਲਿਆਂ ਦੀ ਡਾਰ ਇਕ ਉਡਦੀ ਹੋਈ,
ਮੋਤੀਆਂ ਦੀ ਖੇਪ ਲੁਟ ਚੱਲੀ ਹੈ ਦੋਸਤ।
ਰੂਹ ਦਾ ਹੀ ਸਾਥ ਹੁੰਦੈ ਅੰਤ ਤੀਕ,
ਰੂਹ ਪਰ ਰੂਹਾਂ ਤੋਂ ਰੁਠ ਚੱਲੀ ਹੈ ਦੋਸਤ।
ਘਾਲਣਾ ਦੀ ਪਕੜ ਵਿਚ ਜਕੜੀ ਉਮੰਗ,
ਘਾਲਣਾ ਘਟਦੇ ਹੀ ਛੁਟ ਚੱਲੀ ਹੈ ਦੋਸਤ।
ਮਾਮਲਾ ਜਦ ਬੇ-ਰੁਖੀ ਵਿਚ ਵਟ ਗਿਐ,
ਡੋਰ ਹੁਣ ਸਾਂਝਾਂ ਦੀ ਟੁਟ ਚੱਲੀ ਹੈ ਦੋਸਤ।
ਜ਼ਿੰਦਗੀ ਹੁਣ ਆਖ਼ਰੀ ਲਮਹਿਆਂ 'ਤੇ ਵੀ,
ਕਦਮ 'ਹਾਂ ਵਾਚੀ' ਹੀ ਪੁਟ ਚੱਲੀ ਹੈ ਦੋਸਤ।
'ਕਾਲੜੇ' ਨੂੰ ਜ਼ਿੰਦਗੀ ਦਾ ਪਾਸ ਹੈ,
ਜ਼ਿੰਦਗੀ ਪਰ ਫਿਰ ਵੀ ਰੁਠ ਚੱਲੀ ਹੈ ਦੋਸਤ।

੨੨੪ ਪਾਂਡੂਸਰ, ਨਾਭਾ-੧੪੭੨੦੧
ਫੋਨ-੯੪੬੪੦-੮੮੯੯੮

ਗੀਤ

—ਰਣਜੀਤ ਆਜ਼ਾਦ ਕਾਂਝਲਾ

ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।
ਪੱਤੀ-ਪੱਤੀ ਹੋਇਆ ਗੁਲਾਬ ਵੇਖ ਲੈ।...!!
ਚੋਬਰਾਂ ਦੇ ਮੁੱਖਾਂ 'ਤੇ ਨਮੋਸ਼ੀ ਨੱਚਦੀ।
ਗੱਲ ਕਰਾਂ ਖਰੀ ਜੋ ਹੈ ਪੂਰੀ ਸੱਚ ਦੀ!
ਮਾਵਾਂ ਦੇ ਪੁੱਤਾਂ ਪ੍ਰਤੀ ਤਿੜਕੇ ਖੁਆਬ ਵੇਖ ਲੈ।
ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।...!!
ਨਸ਼ਿਆਂ ਦੇ ਕੋੜ੍ਹ 'ਚ ਘਰ ਗਰਕ ਗਏ।
ਰਿਸ਼ਤੇ-ਨਾਤੇ ਅੱਧ ਵਿਚਕਾਰ ਤਿੜਕ ਗਏ!
ਖੁੱਲ੍ਹੀ ਕਰਜ਼ ਵਾਲੀ ਸਾਹਮਣੇ ਕਿਤਾਬ ਵੇਖ ਲੇ।
ਨਸ਼ਿਆਂ 'ਚ ਗਰਕਿਆ ਪੰਜਾਬ ਵੇਖ ਲੈ।...!!
ਨਸ਼ੇ-ਪੱਤੇ ਕਾਰਨ ਕਲੇਸ਼ ਪੈ ਗਏ।
ਰੁਸੀ ਕੁੜੀ ਪੇਕੇ ਘਰ ਲੈ ਬਹਿ ਗਏ!
ਕਿੰਜ ਅੱਗ ਲਾ ਕੇ ਸੜਦੀ ਮੁਰਾਦ ਵੇਖ ਲੈ।
ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।...!!
ਮੁੰਡਿਆਂ ਨਾਲੋਂ ਕੁੜੀਆਂ ਵੀ ਕੋਈ ਘੱਟ ਨਾ।
ਨਸ਼ੇ ਤੋਂ ਬਿਨਾਂ ਏਨ੍ਹਾਂ ਦਾ ਲੰਘੇ ਝੱਟ ਨਾ!
ਟੀਕੇ ਨਾੜਾਂ 'ਚ ਲਾਉਂਦੇ ਬੇਹਿਸਾਬ ਵੇਖ ਲੈ।
ਨਸ਼ਿਆਂ 'ਚ ਗਰਕਿਆ ਪੰਜਾਬ ਵੇਖ ਲੈ।...!!
ਨਸ਼ਿਆਂ ਨੇ ਗੱਭਰੂਆਂ ਦੀ ਜਵਾਨੀ ਖਾ ਲਈ।
ਦੇਖੋ ਭਈਆਂ ਨੇ ਸੋਹਣੀ ਜਨਾਨੀ ਫ਼ਾਹ ਲਈ!
ਉਹ ਸ਼ਰ੍ਹੇਆਮ ਖਾਂਦੇ ਕਬਾਬ ਵੇਖ ਲੈ।
ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।...!!
ਨਸ਼ਿਆਂ ਨੇ ਮੱਤ ਮਾਰ ਤੀ ਜਹਾਨ ਦੀ।
ਪੈਰਾਂ ਹੇਠ ਰੁਲ 'ਗੀ ਚੁੰਨੀ ਰੁਕਾਨ ਦੀ!
ਪ੍ਰੀਤ ਵਾਲੀ ਰੋਂਦੀ ਤੂੰ ਝਨਾਬ ਵੇਖ ਲੈ।
ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।...!!
ਏਸੇ ਤਰ੍ਹਾਂ ਜੇ ਨਸ਼ੇ 'ਚ ਰਹੇ ਵਿਚਰਦੇ।
ਭਵਿਖ ਵਾਲੇ ਪ੍ਰਸ਼ਨ 'ਚ ਗਏ ਤਿੜਕਦੇ!
ਰਹਿਣਾ ਬਣ-ਠਣ ਮਨ ਦਾ ਖੁਆਬ ਵੇਖ ਲੈ।
ਨਸ਼ਿਆਂ 'ਚ ਗਰਕਿਆ ਪੰਜਾਬ ਵੇਖ ਲੈ।...!!
ਨਸ਼ਈ ਵਹਿੰਦੇ ਦਰਿਆ ਤਾਈ ਦਿਓ ਠੱਲ੍ਹ ਜੀ।
ਆਉਣ ਵਾਲੇ ਕੱਲ੍ਹ ਦੀ ਬਣਾ ਦੋ ਗੱਲ ਜੀ!
'ਆਜ਼ਾਦ' ਸ਼ਬਦਾਂ 'ਚ ਬੋਲਦਾ ਜਨਾਬ ਵੇਖ ਲੈ।
ਨਸ਼ਿਆਂ 'ਚ ਡੁੱਬਿਆ ਪੰਜਾਬ ਵੇਖ ਲੈ।

ਸ਼ਿਵਪੁਰੀ, ਪੁਰੀ (ਪੰਜਾਬ)
ਮੋ-੯੦੪੧੭-੪੮੨੪੧,
(ਘਰ)੦੧੬੭੫-੨੨੩੭੨੧

ਜ਼ਿੰਦਗੀ ਦੀ ਇਹ ਸ਼ਾਮ !

ਬਜ਼ੁਰਗ ਕਿਸੇ ਵਸਦੇ-ਰਸਦੇ ਘਰ-ਪਰਿਵਾਰ ਦੀ ਮਾਣ-ਮਰਿਆਦਾ ਦਾ ਥੰਮ੍ਹ ਹੁੰਦੇ ਹਨ। ਉਹ ਘਰ ਤੇ ਸਮਾਜ 'ਚ ਪਿਆਰ-ਸਤਿਕਾਰ ਦੇ ਅਧਿਕਾਰੀ ਹਨ। ਬੜੀ ਤੇਜ਼ੀ ਨਾਲ ਬਦਲ ਰਹੀਆਂ ਕਦਰਾਂ-ਕੀਮਤਾਂ ਦੇ ਫਲਸਰੂਪ ਹੁਣ ਬਜ਼ੁਰਗਾਂ ਪ੍ਰਤੀ ਸਮਾਜ ਤੇ ਘਰ-ਪਰਿਵਾਰ ਦਾ ਰਵੱਈਆ ਪਹਿਲਾਂ ਵਰਗਾ ਨਹੀਂ ਰਿਹਾ। "ਬਿਰਧ ਘਰਾਂ" ਦੀ ਵਧ ਰਹੀ ਗਿਣਤੀ ਬਜ਼ੁਰਗਾਂ ਨੂੰ ਸਤਿਕਾਰਨ ਦੀ ਥਾਂ ਦੁਰਕਾਰਨ ਦੀ ਕੋਝੀ ਪ੍ਰਵਿਰਤੀ ਦਾ ਹਕੀਕੀ ਰੂਪ ਹੈ। ਹੁਣ ਬੁਢਾਪਾ ਪੀੜ੍ਹਿਤ ਤੇ ਤਨਾਉਗ੍ਰਸਤ ਹੈ। ਬਜ਼ੁਰਗਾਂ ਦੇ ਅਜਿਹੇ ਸੰਤਾਪ ਨੂੰ ਮੈਂ ਆਪਣੇ ਕੁਝ ਦੋਹਿਆਂ 'ਚ ਰੂਪਮਾਨ ਕਰਨ ਦਾ ਯਤਨ ਕੀਤਾ ਹੈ।

—*ਹਰਨੇਕ ਸਿੰਘ ਕੋਮਲ*

ਬਹੁਤਾ ਸਫ਼ਰ ਮੁਕਾ ਲਿਆ, ਥੋੜੀ ਰਹਿ ਗਈ ਵਾਟ।
ਮੱਧਮ ਹੁੰਦੀ ਜਾ ਰਹੀ, ਦੀਵੇ ਦੀ ਹੁਣ ਲਾਟ॥

ਰੂਹ ਨੂੰ ਝੋਰੇ ਖਾ ਗਏ, ਦੇਹੀ ਖਾ 'ਗੇ ਰੋਗ।
ਨਦੀ ਕਿਨਾਰੇ ਰੁੱਖੜਾ, ਨਰਕ ਰਿਹਾ ਹੈ ਭੋਗ॥

ਜੋ ਕਦੇ ਸੀ ਅੰਬਰੋਂ, ਲੈਂਦਾ ਤਾਰੇ ਤੋੜ।
ਹੁਣ ਤਾਂ ਪਾਸਾ ਲੈਂਦਿਆਂ, ਦੁਖਦੇ ਉਸਦੇ ਜੋੜ॥

ਹੈ ਤਕਾਜ਼ਾ ਉਮਰ ਦਾ, ਜਾਂ ਦਿਨਾਂ ਦਾ ਫੇਰ।
ਭਿੱਜੀ ਬਿੱਲੀ ਬਣ ਗਿਆ, ਕੱਲ੍ਹ ਸੀ ਜਿਹੜਾ ਸ਼ੇਰ॥

ਔਖਾ ਬੜਾ ਬਜ਼ੁਰਗ ਹੈ, ਰੁੱਸ ਰਹਿੰਦੇ ਅੰਗ।
ਜੀਅ ਰਿਹਾ ਹੈ ਰੱਬ ਤੋਂ, ਸਾਹ ਉਧਾਰੇ ਮੰਗ॥

ਪਤਾ ਨਹੀਂ ਕਿਉਂ ਚੰਦਰਾ, ਰਹਿੰਦੇ ਮਨ ਉਪਰਾਮ।
ਔਖੀ ਹੋ ਗਈ ਕੱਟਣੀ, ਜ਼ਿੰਦਗੀ ਦੀ ਇਹ ਸ਼ਾਮ॥

ਦੇ-'ਗੇ ਅੰਗ ਜਵਾਬ ਸਭ, ਖੁਰਿਆ ਬਿਰਧ ਸਰੀਰ।
ਚੰਦਰਾ ਮਨ ਨਾ ਛੱਡਦਾ, ਜੱਗ ਦੇ ਵਿਚੋਂ ਸੀਰ॥

ਆਥਣ ਤੀਕਰ ਚੁੱਕਿਆ, ਟੱਬਰ ਦਾ ਜਿਸ ਭਾਰ।
ਭਾਰ ਉਸਨੂੰ ਸਮਝਦਾ, ਹੁਣ ਸਾਰਾ ਪਰਿਵਾਰ॥

ਜਿਉਂਦੇ-ਜੀਅ ਹੈ ਮੁੱਕਿਆ, ਜੱਗ ਦੇ ਵਿਚੋਂ ਸੀਰ।
ਵਾਧੂ ਕੋਈ ਵਸਤ ਹੈ, ਘਰ ਵਿਚ ਬਿਰਧ ਸਰੀਰ॥

ਬੀਵੀ ਬਦ-ਜ਼ੁਬਾਨ ਹੈ, ਬੇਟਾ ਬੇ-ਲਗਾਮ।
ਕਿਵੇਂ ਕਟੇਂਗਾ ਭੋਲਿਆ, ਜ਼ਿੰਦਗੀ ਦੀ ਇਹ ਸ਼ਾਮ॥

ਆਥਣ ਵੇਲੇ ਆਣ ਕੇ, ਡੁੱਬਦੇ ਸੂਰਜ ਕੋਲ।
ਦੁਖੀ ਇਹ ਬਜ਼ੁਰਗ ਹੈ, ਦੁੱਖੜੇ ਲੈਂਦਾ ਫੋਲ॥

'ਸੇਵਾ' ਤੇ 'ਸਤਿਕਾਰ' ਹੁਣ, ਬਿਰਧ ਰਹੇ ਨੇ ਭਾਲ।
ਪੁੱਤਰ ਦੇ ਵੱਖ ਦੇਖਦੇ, ਡਾਢੀ ਹਸਰਤ ਨਾਲ॥

ਬੇਰੀ ਵਾਂਗ ਬਜ਼ੁਰਗ ਹੈ, ਵਿਹੜੇ ਦੇ ਵਿਚਕਾਰ।
ਦੇਵੇ ਮਿੱਠੇ ਬੇਰ ਜੋ, ਖਾ ਵੱਟਿਆਂ ਦੀ ਮਾਰ॥

ਭਾਵੇਂ ਘਰ ਵਿਚ ਬਿਰਧ ਹੈ, ਬਣ ਕੇ ਰਹਿ ਗਿਆ ਗ਼ੈਰ।
ਫਿਰ ਵੀ ਘਰ-ਪਰਿਵਾਰ ਦੀ, ਮੰਗੇ ਹਰਦਮ ਖ਼ੈਰ॥

ਘਰ ਨੇ ਜਦੋਂ ਬਜ਼ੁਰਗ ਨੂੰ, ਦਿੱਤੀ ਠੋਹਕਰ ਮਾਰ।
ਬਿਰਧ-ਘਰ ਹੈ ਬੋਲਿਆ, "ਆ ਵੰਞ ਮੈਂਡੇ ਯਾਰ॥"

ਬਿਰਧ-ਘਰ ਵਿਚ ਆਣ ਕੇ, ਹੋਇਆ ਬਿਰਧ ਆਬਾਦ।
ਖਹਿੜਾ ਨਾ ਪਰ ਛੱਡਦੀ, 'ਆਪਣੇ ਘਰ ਦੀ ਯਾਦ॥'

ਜਿਨ੍ਹਾਂ ਸਾਜ਼-ਨਿਵਾਜ਼ਿਆ, ਇਹ ਸਾਰਾ ਪਰਿਵਾਰ।
ਵਡ-ਵਡੇਰੇ ਮੰਗਦੇ, ਚੁਟਕੀ ਜਿਨਾਂ ਪਿਆਰ॥

ਘਰ ਦੇ ਵਿਚ ਬਜ਼ੁਰਗ ਦਾ, ਹੋਵੇ ਆਦਰ-ਮਾਣ।
ਘਰ ਦੇ ਵਿਚ ਬਜ਼ੁਰਗ ਹੈ, ਦੋ ਦਿਨ ਦਾ ਮਹਿਮਾਨ॥

ਆਵੇ ਜਾਚ ਜਿਉਣ ਦੀ, ਸੱਠ ਵਰ੍ਹਿਆਂ ਤੋਂ ਬਾਦ।
ਥੋੜੀ ਰਹਿ-ਜੇ ਖੀਰ ਜਦ, ਲਗਦੀ ਬਹੁਤ ਸਵਾਦ॥

ਭਰ-ਲੀ ਦੋਹਿਆਂ ਨਾਲ ਤੂੰ, ਜ਼ਿੰਦਗੀ ਦੀ ਹੈ ਸ਼ਾਮ
ਜੁੜਿਆ ਦੋਹੇ ਨਾਲ ਹੈ, ਕੋਮਲ ਤੇਰਾ ਨਾਮ॥

ਗਲੀ ਵਿਕਾਸ ਪਬਲਿਕ ਸਕੂਲ,
ਮਲੋਟ-੧੫੨੧੦੭
ਫੋਨ-੦੧੬੩੭-੨੬੧੪੧੪, ਮੋ-੯੩੧੭੭-੬੧੪੧੪

ਸ਼ਮਸ਼ੀਰ/ *—ਦਲਬੀਰ ਸਿੰਘ ਤਰਸ*

(1)

ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਨਾਮ1 ਵਸਾਇਆ ਅੰਤਰ ਗਿਆਨ।
ਪ੍ਰਭੂ ਪ੍ਰੇਮ ਰਸ ਲੀਨਤਾ ਵਿਚੋਂ, ਪਰਗਟ ਹੋ ਪਏ ਸੈ ਕਲਿਆਣ।
ਕੂੜੇ ਕਰਮ ਮਾਇਆਵੀ ਧੰਧੇ, ਗੁਰਮੁੱਖ ਤੇ ਕਦੇ ਵਾਰ ਨਾ ਕਰਦੇ;
ਹਰ ਰਾਹ ਜਿਸ ਦੇ ਵਾਸ ਕਰੇਂਦੀ, ਇਕ ਜੋਤ ਹਰੀ ਭਗਵਾਨੁ2।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਮਨ ਇਹ ਨਾਮੁ ਪਵਿੱਤਰ ਕੀਨਾ।
ਸਤਿਗੁਰ ਸਾਚਾ ਪ੍ਰਭ ਜੋਤ ਸਰੂਪਾ, ਜਾਂ ਤੇ ਪਾਈਏ ਅਮਲ ਉਚੀਨਾ3।
ਕਰਮ ਕਾਲਖਾਂ ਦੇ ਵੱਸ ਹੋਏ, ਕਦੇ ਪਾਸ ਨਾ ਪੁਹੇ ਤੀਕਾ ਉਨ੍ਹਾਂ ਦੇ;
ਗੰਧਲੇ ਇਸ ਸੰਸਾਰ ਦੇ ਵਿਚੋਂ, ਜਿਨ੍ਹਾਂ ਨੇ ਪਾ ਲਿਆ ਪਰਮ ਖਜੀਨਾਂ4।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਨਾਲ ਹੀ ਆਇਆ ਇਹ ਅਨੁਮਾਨ।
ਗਿਆਨ ਗੱਲਾਂ ਵਿਚ ਰੁੱਝਿ ਰਹਿਣੋਂ, ਕਦੇ ਭੀ ਮਿਲਿਆ ਨਾ ਭਗਵਾਨ।
ਆਤਮ ਰਸ ਵਿਚ ਵਾਸ ਜਿਨ੍ਹਾਂ ਦਾ, ਮਾਣੇ ਸਦ ਉਚ ਸਚਾਈਆਂ ਨੂੰ;
ਹਰਿ ਦੀ ਇਸ ਹਰਿਆਵਲ ਵਿਚੋਂ, ਕਿਵ ਬਣ ਜਾਂਦੇ ਬਾਗ ਬਾਗਾਨ।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਮਨਮੁੱਖਾਂ ਦੀ ਗੱਲ ਬੁਝਾਈ5।
ਕੂੜ ਕਰਮ ਜਹੇ ਜ਼ਾਲਮ ਜਾਲੀਂ, ਕਿਵੇਂ ਜੀਵਨੀ6 ਜਿੰਦ ਰੁਝਾਈ।
ਆਪੇ ਪਿੱਛੇ ਤੁਰਿਆ ਮਾਨੁੱਖ, ਅੰਧਕਾਰ ਦਾ ਪਾਂਧੀ ਬਣਦਾ;
ਆਤਮ ਰਸ ਵਿਚ ਰੱਬ ਵਸੇਂਦਾ, ਪੂਰਨ ਇਕੋ ਏਕ ਸਚਾਈ।
ਆਤਮ ਰਸ ਜਿਨ ਮਾਣਿਆਂ, ਉੱਤਮ ਪੁਰਖ ਅਮੀਰ।
ਜੀਣ ਸਖਾਏ ਜਗਤ ਮਹਿ, ਇ ਰਾਮ ਹਰੀ ਸ਼ਮਸ਼ੀਰ।

1. ਨਾਮੁ–ਹਰੀ ਨਾਮ ਨੇ, 2. ਭਗਵਾਨੁ–ਪ੍ਰਭੂ ਦੀ, 3. ਅਮਲ ਉਚੀਨਾ–ਉੱਚੇ ਆਦਰਸ਼, 4. ਪਰਮ ਖਜੀਨਾਂ–ਮਹਾਨ ਆਤਮ ਰਸ, 5. ਬੁਝਾਈ–ਸਮਝਾਈ, 6. ਜੀਵਨੀ–ਜੀਵਨ ਯੋਗ, 7. ਇ–ਇਹ, ਪ੍ਰਭੂ ਨਾਮ।

(2)

ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਪ੍ਰਭ ਦੀਨਾ ਮਨ ਇਹ ਲਾਣੇ ਨੂੰ।
ਸੰਗਤ ਵਿਚੋਂ ਆਤਮ ਰਸ ਮਿਲਿਆ, ਗਿਆਨੋ ਗਹਿਣਾ1 ਪਾਣੇ ਨੂੰ।
ਏਸ ਜਗਤਿ2 ਤਨ ਢੇਰੀ ਹੋਣਾ, ਨਾ ਕੁੱਝ ਭੀ ਨਿਭਿਆਂ ਸਾਥ ਅਖੀਰ;
ਪ੍ਰੇਮ ਪਰਾਪਤੁ ਹੀ ਵਸਤ ਉਚੇਰੀ, ਇਕ ਸੰਗ ਰਹਿ ਗਿਆ ਜਾਣੇ ਨੂੰ।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਮਨ ਕੋ ਦੀਨਾ ਪ੍ਰਭ ਸੰਗ ਰਹਿਣਾ।
ਤਨ ਸੁਖੀ ਮਨ ਨਿਰਮਲ ਭਇਆ, ਪਾਇਓ ਰੰਗੀਂ ਭੇਸ ਰੰਗਹਿਣਾ।
ਜਿਉਂ ਜਿਉਂ ਵੱਧਣ ਨੇੜ ਡੂੰਘਾਣਾਂ, ਟੁਟਦੇ ਜਾਵਣ ਤ੍ਰਿਸ਼ਨਾ ਦੇ ਧੰਧੇ;
ਪਰਮ ਸੱਤ ਤੇ ਸਫਲ ਜੀਵਨੀ, ਮਿਲ ਗਿਆ ਸਾਨੂੰ ਉੱਤਮ ਕਹਿਣਾ3।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਹਰਿ ਰੰਗੀਂ ਮਨ ਰੰਗਣ ਲਾਇਆ।
ਜ਼ਰਾ ਹੋਰ ਉਚੇਰੇ ਹੋਰ ਉਚੇਰੇ, ਚੜ੍ਹ ਇਕ ਐਸਾ ਪੱਧਰ ਆਇਆ।
ਮੁੱਕਦੀਆਂ ਜਾਪਣ ਭੋਗਣ ਮੰਗਾਂ, ਸੱਭਿ ਸੁੱਕ ਰਹੇ, ਮੁਹ ਸੰਸਾਰਕ ਸੋਮੇ;
ਲੱਗਣ ਲੱਗ ਪਿਆ ਪ੍ਰਭ ਜੀ ਸਾਰੇ, ਇਸ ਕਣ ਕਣ ਵਿਚ ਸਮਾਇਆ।
ਹੱਥ ਨੂੰ ਕਾਨੀ ਸਤਿਗੁਰਾਂ ਸੌਂਪੀ, ਗਾਵਣ ਲਾਇਆ ਪ੍ਰਭੂ ਜੀ4 ਗੀਤ।
ਸੰਗੀਤ ਸੁਰਾਂ ਦੀਆਂ ਮਿਲਣ ਤਾਰਾਂ, ਆਣ ਵਿਆਪਣ ਨੇੜੇ ਮੀਤ।
ਕਾਲ ਦੇ ਮੁੱਖ ਤੋਂ ਕਾਲਖ ਲਹਿੰਦੀ, ਸੱਤ ਦੀ ਸੂਖਮ ਤੁਰੇ ਕਹਾਣੀ;
ਮਾਨਵਤਾ ਰੱਜ ਰਸ ਮਾਨਣ ਲਗੇ, ਅੰਮ੍ਰਿਤ ਭਿੱਨੀ ਵਸ ਰਹੀ ਪ੍ਰੀਤ।
ਮਹਾਂ ਅਨੰਦ ਸਦਾ ਸੁੱਖ ਪਾਈਏ, ਨਦੀਆ ਸਾਗਰ ਮਿਲਦੇ ਨੀਰ।
ਸੱਭਿ ਕਾਰਜ ਸਫਲ ਤੇ ਸੰਭਵ, ਕਹੇ ਰਾਮ ਹਰੀ ਸ਼ਮਸ਼ੀਰ।

1. ਗਹਿਣਾ–ਪ੍ਰਭੂ ਦਰਸ਼ਨ, 2. ਜਗਤਿ–ਜਗਤ ਵਿਚ, 3. ਉੱਤਮ ਕਹਿਣਾ–ਨਚੋੜ, 4. ਪ੍ਰਭੂ ਜੀ–ਪ੍ਰਭੂ ਦੇ।

ਰੁਬਾਈਆਂ ਬਾਬਾ ਸ਼ੇਖ਼ ਫਰੀਦ/

—ਪ੍ਰਿੰ. ਨਵਰਾਹੀ ਘੁਗਿਆਣਵੀ

(ਫ਼ਰੀਦਕੋਟ ਦੇ ਸੰਧਰਭ ਵਿਚ)

੧. ਭੁੱਲਿਆਂ ਨੂੰ ਰਸਤਾ ਦਿਖਲਾਉਂਦੀ, ਸ਼ਕਰਗੰਜ ਦੀ ਬਾਣੀ।
ਸਿੱਖਿਆ ਦਾ ਇਕ ਸ਼ਲੋਕ ਰਚਣ ਵਿਚ, ਕੋਈ ਨਾ ਉਸ ਦਾ ਹਾਣੀ।
ਡੂੰਘਾ ਅਨੁਭਵ, ਖਰੀ ਸਾਦਗੀ, ਕਿਰਤ ਮਹੱਤਵ, ਮਸਤੀ;
'ਨਵਰਾਹੀ' ਦਰਵੇਸ਼ ਦਾ ਆਪੇ, ਭਰਨ ਬਰਕਤਾਂ ਪਾਣੀ।

੨. ਪਾਕਪਟਨ ਨੂੰ ਜਾਂਦੇ ਹੋਏ, ਏਸ ਪੜਾਅ 'ਤੇ ਠਹਿਰੇ।
ਜਿਥੋਂ ਦੇ ਹਾਕਿਮ ਨੇ ਲਾਏ, ਜਗ੍ਹਾ ਜਗ੍ਹਾ 'ਤੇ ਪਹਿਰੇ।
ਕਿਲ੍ਹਾ ਮੁਬਾਰਕ ਉਸਰ ਰਿਹਾ ਸੀ, ਲੋਕੀਂ ਹੋਏ ਵਗਾਰੀ;
'ਨਵਰਾਹੀ' ਇਤਿਹਾਸਕ ਬਣ ਗਏ, ਕਦਮ ਅਜ਼ੀਮ ਸੁਨਹਿਰੇ।

੩. ਰੱਬ ਦਾ ਬੰਦਾ ਪਕੜ ਲਿਆਂਦਾ, ਹੈਂਕੜਬਾਜ਼ ਸਿਪਾਹੀਆਂ।
'ਐਨਾ ਜ਼ੁਲਮ ਕਮਾਇਆ ਲੋਹੜਾ!' ਤੋਇ–ਤੋਇ ਕੀਤੀ ਰਾਹੀਆਂ।
ਗਾਰਾ ਢੋਣ 'ਤੇ ਲਾਇਆ ਫੱਕਰ, ਖ਼ੌਫ਼ ਖ਼ੁਦਾ ਨਾ ਖਾਧਾ;
ਨਵਰਾਹੀ' ਕਹਿੰਦੇ ਨੇ, ਸਿਰ ਤੋਂ, ਉੱਚੀਆਂ ਰਹਿਣ ਕੜਾਹੀਆਂ।

ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ
ਫ਼ਰੀਦਕੋਟ-੧੫੧੨੦੩, ਮੋਬ-੯੮੧੫੦-੦੨੩੦੨

ਕੈਰੋਂ ਤੋਂ ਕਾਮਨਵੈਲਥ ਗੋਲਡ ਤਕ ਇੰਜ ਸੀ ਮਨਦੀਪ ਦਾ ਸਫ਼ਰ

—ਡਾ. ਸੁਰਿੰਦਰ ਮੰਡ
੯੪੧੭੩-੨੪੫੪੩

ਸੱਠਵਿਆਂ ਵਿਚ ਉਡਣੇ ਸਿੱਖ ਮਿਲਖਾ ਸਿੰਘ ਤੋਂ ਬਾਅਦ ਕਾਮਨਵੈਲਥ ਖੇਡਾਂ (ਜਿਸ ਵਿਚ ੭੧ ਦੇਸ਼ ਹਿੱਸਾ ਲੈਂਦੇ) ਦੀਆਂ ਦੌੜਾਂ ਵਿਚ ਪਹਿਲਾ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਰਿਲੇਅ ਟੀਮ (੪×੪੦੦ ਮੀਟਰ) ਦੀ ਪ੍ਰਮੁੱਖ ਮੈਂਬਰ ਮਨਦੀਪ ਕੌਰ ਦਾ ਏਥੋਂ ਤਕ ਪੁੱਜਣ ਦਾ ਸਫਰ ਬੜਾ ਪ੍ਰੇਰਨਾਮਈ ਹੈ ਅਤੇ ਸਬਕ ਵੀ ਕਿ ਸਿਰੜ ਰੱਖੀਦਾ।

ਮਨਦੀਪ ਇਸ ਗੱਲੋਂ ਕਿਸਮਤ ਦੀ ਧਨੀ ਹੈ ਕਿ ਖਿਡਾਰੀਆਂ ਦੀ ਪਨੀਰੀ ਵਜੋਂ ਜਾਣੇ ਜਾਂਦੇ ਕੈਰੋਂ ਸਕੂਲੇ ਸੱਤਵੀਂ ਜਮਾਤ ਵਿਚ ਪੜ੍ਹਦਿਆਂ ਉਸ ਉੱਤੇ ਅਥਲੈਟਿਕਸ ਦੇ ਬਹੁਤ ਹੀ ਸਮਰਪਤ ਅਤੇ ਗੁਣੀ ਕੋਚ ਬਲਜਿੰਦਰ ਸਿੰਘ ਦੀ ਨਜ਼ਰ ਪਈ। ਮਨਦੀਪ ਨੂੰ ਉਸਦੇ ਘਰਦਿਆਂ ਨੇ ਸਕੂਲੇ ਪੜ੍ਹਨ ਲਈ ਦਾਖਲ ਕਰਵਾਇਆ ਸੀ, ਖੇਡਣ ਲਈ ਨਹੀਂ। ਉਸ ਸਾਲ ਬਲਜਿੰਦਰ ਕੋਲ ਦਰਮਿਆਨੀਆਂ ਜਿਹੀਆਂ ਸਿਰਫ ਛੇ ਖਿਡਾਰਨਾਂ ਸਨ ਅਤੇ ਉਸਨੇ ਸਾਰੇ ਸਕੂਲ ਦਾ ਟਰਾਇਲ ਲੈਣ ਦੀ ਪ੍ਰਿੰਸੀਪਲ ਮੈਡਮ ਸੇਖੋਂ ਕੋਲੋਂ ਆਗਿਆ ਲਈ। ਦਸ ਦਸ ਦੇ ਗਰੁੱਪਾਂ ਵਿਚ ਵਿਦਿਆਰਥਣਾਂ ਦੌੜਾਈਆਂ। ਮਨਦੀਪ ਆਪਣੇ ਗਰੁੱਪ ਵਿਚੋਂ ਤੀਜੇ ਨੰਬਰ ਤੇ ਆਈ। ਪਰ ਉਸ ਵਿਚੋਂ ਕੋਚ ਨੇ ਦੌੜਾਕ ਵਾਲੇ ਗੁਣ ਲੱਛਣ ਵੇਖ ਕੇ ਉਸਨੂੰ ਅਲੱਗ ਕਰ ਲਿਆ। ਪਰ ਮਨਦੀਪ ਥੋੜ੍ਹੇ ਕੁ ਦਿਨ ਗਰਾਊਂਡ 'ਚ ਆ ਕੇ ਛਿਪਨ ਹੋ ਗਈ। ਪਤਾ ਲੱਗਾ ਕਿ ਘਰ ਦੇ ਨਹੀਂ ਮੰਨਦੇ। ਕੋਚ ਵਲੋਂ ਮਨਦੀਪ ਨੂੰ ਕੁੜੀਆਂ ਜਬਰੀ ਲੈਣ ਆਈਆਂ ਤਾਂ ਉਹ ਰੋਣ ਲੱਗ ਪਈ। ਕੋਚ ਨੇ ਉਸਦੇ ਮਾਪਿਆਂ ਨੂੰ ਬੁਲਾ ਕੇ ਬੜੀ ਮੁਸ਼ਕਲ ਨਾਲ ਮਨਾਇਆ ਅਤੇ ਸਿਰਫ ਇਕ ਸਾਲ ਲਈ ਮਨਦੀਪ ਨੂੰ ਮੰਗਿਆ। ਸਵੇਰ ਸ਼ਾਮ ਦੀ ਕਰੜੀ ਮਿਹਨਤ ਅਤੇ ਕੋਚ ਦੀ ਲਿਆਕਤ ਰੰਗ ਲਿਆਈ ਅਤੇ ਡੇਢ ਕੁ ਸਾਲ ਬਾਅਦ ਮਨਦੀਪ ੧੪ ਸਾਲ ਤੋਂ ਘੱਟ ਉਮਰ ਵਰਗ ਵਿਚ ਪੰਜਾਬ ਦੀ ਬੈਸਟ ਅਥਲੀਟ ਬਣੀ। ਓਦੋਂ ਮਨਦੀਪ ੧੦੦, ੨੦੦ ਅਤੇ ੪੦੦ ਮੀਟਰ ਦੌੜ ਲਾਉਂਦੀ ਹੁੰਦੀ ਸੀ। ਇਹ ਸੰਨ ੨੦੦੦-੦੧ ਦੀ ਗੱਲ ਹੈ।

ਮਨਦੀਪ ਦਾ ਪਿੰਡ ਚੀਮਾ ਖੁਰਦ ਹੈ, ਝਬਾਲ ਕੋਲ, ਤਰਨਤਾਰਨ ਜ਼ਿਲ੍ਹੇ ਵਿਚ। ਦੋ ਭੈਣਾਂ ਤੇ ਦੋ ਭਰਾ। ਮਾਂ ਸਰਬਜੀਤ ਕੌਰ ਤੇ ਪਿਤਾ ਜਸਬੀਰ ਸਿੰਘ। ਆਮ ਕਿਸਾਨ ਪਰਿਵਾਰ। ਹਲ ਵਾਹ ਕੇ ਰੋਟੀ ਖਾਣ ਵਾਲਾ ਟੱਬਰ। ਬੱਚੇ ਹੁੰਦੜਹੇੜ ਤੇ ਸੋਹਣੇ।

ਮਨਦੀਪ ਬੜੀ ਸਾਊ ਤੇ ਚੰਗੀ ਰੂਹ। ਆਗਿਆਕਾਰ, ਮਿਹਨਤੀ, ਨਿੱਡਰ, ਵੱਡੇ ਜਿਗਰੇ ਵਾਲੀ, ਨਿਮਰ ਸੁਭਾਅ ਵਾਲੀ ਅਣਖੀ ਕੁੜੀ। ਪਰ ਪੈਸੇ ਵਲੋਂ ਹੱਥ ਤੰਗ ਰਹਿਣਾ ਤੇ ਉਸਦੇ ਕੋਚ ਨੇ ਮਗਰੋਂ ਮਨਦੀਪ ਦੀ ਖੁਰਾਕ ਅਤੇ ਉਤਲੇ-ਪੁਤਲੇ ਖਰਚਿਆਂ ਦੀ ਸਾਰੀ ਜ਼ਿੰਮੇਵਾਰੀ ਮੈਨੂੰ ਸੌਂਪ ਦਿੱਤੀ। ਮੈਂ ਤਲਵਾੜੇ ਦੀ ਸਟੇਟ ਬੈਂਕ ਆਫ਼ ਇੰਡੀਆ ਵਿਚ ਮਨਦੀਪ ਨਾਲ ਸਾਂਝਾ ਖਾਤਾ ਖੁੱਲ੍ਹਵਾਇਆ ਅਤੇ ਏ. ਟੀ. ਐਮ. ਕਾਰਡ ਮਨਦੀਪ ਨੂੰ ਫੜਾਇਆ। ਕਿਉਂਕਿ ਮੈਂ ਬਲਜਿੰਦਰ ਸਿੰਘ ਕੋਚ ਦੀਆਂ ਪ੍ਰਾਪਤੀਆਂ ਤੋਂ ਪ੍ਰੇਰਿਤ ਹੋ ਕੇ ਉਸਦੀਆਂ ਖਿਡਾਰਨਾਂ ਦੀ ਹੌਂਸਲਾ-ਵਧਾਈ ਲਈ ਕੈਰੋਂ ਜਾਂਦਾ ਆਉਂਦਾ ਰਹਿੰਦਾ ਸਾਂ। ਮਨਦੀਪ ਮੇਰੇ ਲਈ ਆਪਣੀਆਂ ਧੀਆਂ ਵਰਗੀ ਹੋ ਗਈ।

ਮਨਦੀਪ ਤਾਂ ਪਹਿਲਾਂ ਹੀ ਚੜ੍ਹਦੀ ਕਲਾ ਵਾਲੀ ਅਥਲੀਟ ਸੀ ਤੇ ਉਸਦਾ ਹੌਂਸਲਾ ਹੋਰ ਬੁਲੰਦ ਹੋਇਆ।

ਮਨਦੀਪ ਚਾਰ ਵਾਰ ਪੰਜਾਬ ਦੀ ਬੈਸਟ ਅਥਲੀਟ ਬਣੀ। ਉਸਨੇ ੧੭ ਸਾਲ ਅਤੇ ੧੯ ਸਾਲ ਦੋਵਾਂ ਹੀ ਉਮਰ ਵਰਗਾਂ ਵਿਚ ਵੀ ਪੰਜਾਬ ਦੀ ਬੈਸਟ ਅਥਲੀਟ ਹੋਣ ਦਾ ਮਾਣ ਹਾਸਲ ਕੀਤਾ।

੨੦੦੩ 'ਚ ਮਨਦੀਪ ਨੇ ਬੰਗਲੌਰ ਵਿਚ ੧੯ ਸਾਲ ਤੋਂ ਘੱਟ ਉਮਰ ਵਰਗ ਦੇ ਮੁਕਾਬਲਿਆਂ ਵਿਚ ੨੦੦ ਮੀਟਰ ਅਤੇ ੪੦੦ ਮੀਟਰ ਦੇ ਕੌਮੀ ਰਿਕਾਰਡ ਤੋੜੇ ਅਤੇ ਭਾਰਤ ਦੀ ਬੈਸਟ ਅਥਲੀਟ ਬਣੀ। ਉਡਣ-ਪਰੀ ਪੀ. ਟੀ. ਊਸ਼ਾ ਨੇ ਆ ਕੇ ਮਨਦੀਪ ਨੂੰ ਜੱਫੀ ਵਿਚ ਲੈ ਕੇ ਉਸਦਾ ਮੱਥਾ ਚੁੰਮਿਆ।

ਜਦ ਬੈਂਕਾਕ ਵਿਚ ੨੦੦੫ ਦੇ ਏਸ਼ੀਅਨ ਇਨਡੋਰ ਮੁਕਾਬਲੇ ਹੋਏ ਤਾਂ ੪×੪੦੦ ਮੀਟਰ ਦੀ ਰਿਲੇਅ ਦੌੜ ਵਿਚ ਤੀਜੇ ਥਾਂ ਉੱਤੇ ਪਛੜ ਚੁੱਕੀ ਭਾਰਤੀ ਟੀਮ ਨੂੰ, ਆਖਰੀ ਗੇੜੇ ਵਿਚ ਸਭ ਨੂੰ ਪਛਾੜਦਿਆਂ ਮਨਦੀਪ ਨੇ ਗੋਲਡ ਮੈਡਲ ਜਿਤਾਇਆ। ਮਨਦੀਪ ਨੇ ਵਰਲਡ ਜੂਨੀਅਰ ਕਨੇਡਾ, ਮਲੇਸ਼ੀਆ, ਚੀਨ, ਥਾਈਲੈਂਡ, ਕਤਰ, ਯੂਕਰੇਨ, ਸਾਊਥ ਅਫਰੀਕਾ ਆਦਿ ਦੇਸ਼ਾਂ ਦੇ ਟੂਰ ਲਾਏ ਅਤੇ ਕਈ ਮੁਕਾਬਲੇ ਜਿੱਤੇ।

ਮਨਦੀਪ ਨੇ ਇੰਡੋ-ਪਾਕਿ ਪੰਜਾਬ ਖੇਡਾਂ (ਪਟਿਆਲਾ)

ਵਿਚ ਵੀ ੪੦੦ ਮੀਟਰ ਦਾ ਗੋਲਡ ਮੈਡਲ ਜਿੱਤਿਆ। ਉਹ ਦੋਹਾ (ਕਤਰ) ਏਸ਼ੀਅਨ ਖੇਡਾਂ ਵਿਚ ਗੋਲਡ ਮੈਡਲ ਜਿੱਤਣ ਵਾਲੇ ਦਸਤੇ ਦੀ ਮੈਂਬਰ ਸੀ।

ਮਨਦੀਪ ਨੇ ੪੦੦ ਮੀਟਰ ਦੇ ਮੀਟ ਮੁਕਾਬਲਿਆਂ ਦਾ ਕੌਮੀ ਰਿਕਾਰਡ ਆਪਣੇ ਨਾਮ ਕੀਤਾ। ਮਨਦੀਪ ਨੇ ੨੦੦੭ ਦਾ ਬਹੁਤ ਹੀ ਵਕਾਰੀ ਗਰੈਂਡ ਪ੍ਰਿਕਸ ਮੁਕਾਬਲੇ ਦਾ ਗੋਲਡ ਜਿੱਤਿਆ, ਉਹ ਬੀਜਿੰਗ ਉਲੰਪਿਕ ਲਈ ੪੦੦ ਮੀਟਰ ਦੌੜ ਲਈ ਕੁਆਲੀਫਾਈ ਕਰਨ ਵਾਲੀ ਇਕੋ ਇਕ ਭਾਰਤੀ ਮਹਿਲਾ ਦੌੜਾਕ ਸੀ ਅਤੇ ੪×੪੦੦ ਮੀਟਰ ਦੀ ਰਿਲੇਅ ਟੀਮ ਦੀ ਉਲੰਪੀਅਨ ਖਿਡਾਰਨ ਵੀ।

ਕਾਮਨਵੈਲਥ ਖੇਡਾਂ ਤੋਂ ਪਹਿਲਾਂ ਮਨਦੀਪ ਨੇ ਆਲ ਸਟਾਰ ਏਸ਼ੀਅਨ ਮੁਕਾਬਲੇ ਦਾ ੪੦੦ ਮੀਟਰ ਦਾ ਗੋਲਡ ਮੈਡਲ ਜਿੱਤਿਆ। ਉਸਨੇ ਸੈਫ਼ ਖੇਡਾਂ ਵਿਚ ੪੦੦ ਮੀਟਰ ਅਤੇ ੪×੪੦੦ ਮੀਟਰ (ਰਿਲੇਅ) ਵਿਚ ਦੋ ਗੋਲਡ ਮੈਡਲ ਜਿੱਤੇ।


ਪਰੰਤੂ ਕਾਮਨਵੈਲਥ ਖੇਡਾਂ ਵਿਚ ਦੌੜਾਂ ਦਾ ਸੋਨ ਤਮਗਾ ਜਿੱਤਣਾ ਇਸ ਲਈ ਵੱਡੀ ਚੁਣੌਤੀ ਰਿਹਾ ਭਾਰਤ ਲਈ, ਕਿਉਂਕਿ ਇਸ ਵਿਚ ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਵਰਗੇ ਅਤੇ ਬਹੁਤ ਹੀ ਤਕੜੇ ਅਫ਼ਰੀਕਨ (ਨੀਗਰੋ) ਦੌੜਾਕ ਹੁੰਦੇ ਹਨ, ਤਾਂ ਹੀ ਮਿਲਖਾ ਸਿੰਘ ਤੋਂ ਬਾਅਦ ਭਾਰਤ ਦਾ ਕੋਈ ਆਦਮੀ, ਔਰਤ ਜਾਂ ਦੌੜਾਕ ਟੀਮ ਸੋਨ ਤਮਗਾ ਨਹੀਂ ਜਿੱਤ ਸਕੀ। ਪਰੰਤੂ ਮਨਦੀਪ ਅਤੇ ਮਨਜੀਤ ਵਰਗੀਆਂ ਪੰਜਾਬਣਾਂ ਦੀ ਅਗਵਾਈ ਵਾਲੀ ਰਿਲੇਅ ਟੀਮ ਨੇ ਗੋਲਡ ਮੈਡਲ ਹਾਸਲ ਕਰਕੇ ਵੱਡਾ ਮਾਅਰਕਾ ਮਾਰਿਆ। ਆਖਰੀ ਗੇੜੇ ਵਿਚ ਜਿਹੜੀ ਨਾਇਜੀਰੀਅਨ ਅਥਲੀਟ ਮਨਦੀਪ ਤੋਂ ਕਿਤੇ ਪਿਛਾਂਹ ਰਹਿ ਗਈ ਸੀ, ਮੀਟਰਾਂ ਦੇ ਹਿਸਾਬ ਨਾਲ, ਉਹ ਆਖਰੀ ਗੇੜੇ ਦੇ ਸ਼ੁਰੂ ਵੇਲੇ ਮਨਦੀਪ ਦੇ ਨਾਲ ਹੀ ਸੀ ਅਤੇ ਇਕ ਵਾਰ ਤਾਂ ਇਉਂ ਲੱਗਿਆ ਕਿ ੪੦੦ ਮੀਟਰ ਦੀ ਗੋਲਡ ਮੈਡਲਿਸਟ ਨਾਈਜੀਰੀਅਨ ਨੂੰ ਹਰਾਉਣਾ ਅਸਾਨ ਨਹੀਂ। ਪਰ ਆਖਰੀ ੧੦੦ ਮੀਟਰਾਂ ਵਿਚ ਜਿਵੇਂ ਮਨਦੀਪ ਨੇ ਸਭ ਨੂੰ ਪਛਾੜਿਆ, ਉਹਨਾਂ ਮਾਣਮੱਤੇ ਅਤੇ ਯਾਦਗਾਰੀ ਪਲਾਂ ਨੂੰ ਦੁਨੀਆਂ ਯਾਦ ਰੱਖੇਗੀ।

ਮਨਦੀਪ ਇਹਨੀ ਦਿਨੀਂ ਚੀਨ ਵਿਚ ਹੋਣ ਜਾ ਰਹੀਆਂ ਏਸ਼ੀਅਨ ਖੇਡਾਂ ਦੀ ਤਿਆਰੀ ਲਈ ਪਟਿਆਲੇ ਖੂਨ ਪਸੀਨਾ ਇਕ ਕਰ ਰਹੀ ਹੈ। ਮਨਦੀਪ ਨੂੰ ਅਹਿਸਾਸ ਹੈ ਕਿ ਉਸਦਾ ਅਗਲਾ ਮੁਕਾਬਲਾ ਦੁਨੀਆਂ ਦੀ ਨੰਬਰ ਇਕ ਖੇਡ ਤਾਕਤ ਚੀਨ ਨਾਲ ਹੋਵੇਗਾ।

ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਸਰਕਾਰੀ ਕਾਲਿਜ ਤਲਵਾੜਾ।
ਜ਼ਿਲ੍ਹਾ ਹੁਸ਼ਿਆਰਪੁਰ,
surindermand@gmail.com



ਕੋਚ ਬਲਜਿੰਦਰ ਸਿੰਘ ਮਨਦੀਪ ਕੌਰ ਅਥਲੀਟ ਡਾ. ਸੁਰਿੰਦਰ ਮੰਡ



TOP TRAK
new generation bikes
new range for all ages
new
new
new
new
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਤਾਰਾ ਸਿੰਘ ਅਨਜਾਣ

—ਰਾਣਾ ਸੱਗੂ

ਦਿੱਲੀ ਸ਼ਹਿਰ ਦੇ ਰਾਜੌਰੀ ਗਾਰਡਨ ਜ਼ਿਲ੍ਹੇ ਦੇ ਪਿੰਨ ਕੋਡ ਨੂੰ ਆਪਣੀ ਪਛਾਣ ਨਾਲ ਜੋੜਨ ਵਾਲੇ ਸ੍ਰੀ ਤਾਰਾ ਸਿੰਘ ਅਨਜਾਣ ਜੀ ਦਾ ਜਨਮ ਵੰਡੋਂ ਪਹਿਲਾਂ ਦੇ ਪੰਜਾਬ ਦੇ ਸ਼ਹਿਰ ਲਾਹੌਰ ਦੇ ਪਿੰਡ ਸੁਲਤਾਨਕੇ ਦੇ ਸਮਰਥ ਨਾਮਧਾਰੀ ਪਰਿਵਾਰ ਵਧਾਵਾ ਸਿੰਘ ਸੱਗੂ ਤੇ ਬੀਬੀ ਹੁਕਮੀ ਦੇ ਸਪੁੱਤਰ ਸ੍ਰੀ ਭਗਤ ਸਿੰਘ ਸੱਗੂ ਤੇ ਨੂੰਹ ਬੀਬੀ ਸੰਤ ਕੌਰ ਦੇ ਗ੍ਰਹਿ ੮ ਅਕਤੂਬਰ ੧੯੪੨ ਨੂੰ ਮੰਡੀ ਰਾਏਵਿੰਡ ਵਿਖੇ ਹੋਇਆ। ਘਰ 'ਚ ਥੁੜ ਕੋਈ ਨਹੀਂ ਸੀ ਪਰ ਭਰਾ ਦੀ ਦਾਤ ਪਾਕੇ ਤਿੰਨੇ ਵੱਡੀਆਂ ਭੈਣਾਂ ਦੂਣੀਆਂ ਖੁਸ਼ ਹੋ ਗਈਆਂ। ਬਾਲ ਤਾਰਾ ਸਿੰਘ ਨੂੰ ਰਿੜ੍ਹਦੇ, ਤੁਰਦੇ ਤੇ ਖੇਡਦੇ ਵੇਖਦਿਆਂ ਘਰ ਦੀਆਂ ਖੂਹੀਆਂ ਤੋਂ ਪਾਣੀ ਵਰਤਣ ਵਾਲਿਆਂ ਨੇ ਹੱਸਿ ਠੱਠੇ ਕਰਨੇ ਤੇ ਅਸੀਸਾਂ ਆਸ਼ੀਰਵਾਦ ਦੇਣੇ। ਉਹਨਾਂ ਅਸੀਸਾਂ ਨੇ ਵੰਡੋਂ ਬਾਅਦ ਘਰ 'ਚ ਜੋੜੀ ਬਣਾ ਦਿੱਤੀ ਜਦ ਸ੍ਰੀ ਤਾਰਾ ਸਿੰਘ ਅਨਜਾਣ ਜੀ ਦੇ ਛੋਟੇ ਭਰਾਤਾ ਬਲਕਾਰ ਸਿੰਘ ਦਾ ਜਨਮ ਸਰਸੇ ਜ਼ਿਲ੍ਹੇ ਦੇ ਪਿੰਡ ਕਰੀਵਾਲੇ ਵਿੱਚ ਹੋਇਆ।

ਪਿਤਾ ਸ. ਭਗਤ ਸਿੰਘ ਪਾਕਿਸਤਾਨ ਵਿੱਚ ਭਾਵੇਂ ਕਈ ਘਰ ਤੇ ਹੋਰ ਕਾਫ਼ੀ ਜ਼ਮੀਨ, ਜਾਇਦਾਦ, ਤੇ ਸਹੂਲਤਾਂ ਛੱਡ ਕੇ ਆਏ, ਸਨ ਪਰ ਉਹ ਇਹ ਸੋਚਦੇ ਸਨ ਕਿ ਆਉਣ ਵਾਲਾ ਸਮਾਂ ਨਵੇਂ ਮੁਲਕ ਦੀ ਉਸਾਰੀ ਦਾ ਹੈ ਇਸ ਕਰਕੇ ਤਾਲੀਮ ਹੋਣੀ ਬਹੁਤ ਜ਼ਰੂਰੀ ਹੈ। ਇਸ ਦੂਰਦ੍ਰਿਸ਼ਟੀ ਤੇ ਸੋਚ ਕਰਕੇ ਸ. ਤਾਰਾ ਸਿੰਘ ਅਨਜਾਣ ਜੀ ਦੇ ਪਿਤਾ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਮੰਨਦੇ ਹੋਏ ਤੇ ਸਰਕਾਰੀ ਮੁਆਵਜ਼ਿਆਂ ਦੀ ਜ਼ਿਆਦਾ ਪੜਚੋਲ ਨਾ ਕਰਦੇ ਸਰਸੇ 'ਚ ਮਿਲੇ ਮੁਆਵਜ਼ੇ ਨੂੰ ਸੰਵਾਰਨਾ ਤੇ ਜੋੜੀ ਨੂੰ ਪਨੀਰੀ ਬਣਨ ਲਈ ਸਕੂਲ ਭੇਜਣਾ ਸ਼ੁਰੂ ਕਰ ਦਿੱਤਾ ਤਾਕਿ ਨਵੇਂ ਉਸਰਦੇ ਮੁਲਕ ਵਿੱਚ ਉਹਨਾਂ ਦੇ ਸਪੁੱਤਰ ਵੀ ਦਸਵੰਧ ਪਾ ਸਕਣ ਤੇ ਨਾਲੇ ਜਿਵੇਂ ਉਨ੍ਹਾਂ ਨੂੰ ਚਿੱਠੀ-ਪੱਤਰ ਲਈ ਕੁੰਡੇ ਖੜਕਾਉਣੇ ਪੈਂਦੇ ਰਹੇ ਹਨ, ਉਹਨਾਂ ਦੇ ਸਪੁੱਤਰਾਂ ਨੂੰ ਨਾ ਕਰਨਾ ਪਵੇ।

ਤਾਰਾ ਸਿੰਘ ਅਨਜਾਣ ਜੀ ਦੇ ਪਿਤਾ ਖੁੱਲ੍ਹੇ ਸੁਭਾਅ ਦੇ ਸਨ। ਆਪਣੇ ਕਿੱਤੇ ਦੇ ਮਾਹਿਰ ਤੇ ਪੁਰਾਣੇ ਨਾਮਧਾਰੀ, ਜਿਸ ਕਰਕੇ ਘਰ 'ਚ ਮਹਾਂਪੁਰਸ਼ ਤੇ ਹੋਰ ਮਾਹਿਰ ਆਉਂਦੇ ਰਹਿੰਦੇ ਸਨ ਤੇ ਗੱਲਾਂ ਅਤੇ ਮਾਹੌਲ ਦੀ ਪੜਚੋਲ ਵੀ ਹੁੰਦੀ ਰਹਿੰਦੀ ਸੀ। ਇਸ ਮਾਹੌਲ ਤੇ ਬਾਲ ਤਾਰਾ ਸਿੰਘ ਉਤੇ ਬਹੁਤ ਅਸਰ ਹੋਇਆ ਤੇ ਉਹ ਛੋਟੀ ਉਮਰ ਵਿਚ ਹੀ ਲਿਖਣ ਲਗ ਪਿਆ, ਆਪਣਾ ਛੋਟਾ ਜਿਹਾ ਜਥਾ ਤਿਆਰ ਕਰਕੇ ਦਿਵਾਨ ਲਗਾਉਣ ਲਗ ਪਿਆ। ਅਤੇ ਕਵਿਤਾ ਨਾਲ ਦੋ-ਦੋ ਹੱਥ ਕਰਨ ਲਗ ਪਿਆ। ਕਾਕੇ ਤਾਰਾ ਸਿੰਘ ਦੇ ਦਿਵਾਨਾਂ ਨੂੰ ਵੱਡਿਆਂ ਵੀ ਸੁਣਿਆ ਤੇ ਕਹਿਣਾ ਅਨਜਾਣ ਜਿਹਾ ਦੇਖੋ ਕੇਹਾ ਵਧੀਆ ਕੰਮ ਕਰਦਾ ਹੈ। ਬਸ ਇਸ ਨੂੰ ਬਜ਼ੁਰਗਾਂ ਵੱਡਿਆਂ ਤੇ ਮਹਾਪੁਰਸ਼ ਦਾ ਆਸ਼ੀਰਵਾਦ ਮੰਨ ਕੇ ਕਾਕੇ ਤਾਰਾ ਸਿੰਘ ਨੇ ਆਪਣਾ ਨਾਂ ਤਾਰਾ ਸਿੰਘ ਸੱਗੂ ਤੋਂ ਤਾਰਾ ਸਿੰਘ ਅਨਜਾਣ ਕਰ ਲਿਆ।

ਸਾਹਿਤ ਦੀ ਚੇਟਕ ਨੇ ਕਵਿਤਾ ਲਿਖਵਾਉਣੀ ਤਾਂ ਪਹਿਲੋਂ ਹੀ ਸ਼ੁਰੂ ਕਰਵਾ ਲਈ ਸੀ ਤੇ ਮੁੱਛ ਫੁਟ ਤਾਰਾ ਸਿੰਘ ਅਨਜਾਣ ਨੇ 'ਚਿਟੇ ਕਾਂ ' ਨਾਂ ਦੇ ਮਹੀਨਾਵਾਰ ਰਸਾਲੇ ਦੀ ਸੰਪਾਦਨਾ ਸ਼ੁਰੂ ਕਰ ਦਿੱਤੀ ਅਤੇ ਨਾਲ-ਨਾਲ ਸਰਸੇ ਦੇ ਸਕੂਲਾਂ ਵਿੱਚ ਅਧਿਆਪਨ ਵੀ। ਚਿੱਟਿ ਕਾਂ ਤੇ ਸਰਸੇ 'ਚ ਅਧਿਆਪਨ ਉਦੋਂ ਤੱਕ ਚਲਦਾ ਰਿਹਾ ਜਦੋਂ ਤੱਕ ਅਨਜਾਣ ਦੀ ਨੇ ਭਿਵਾਨੀ ਜਾ ਕੇ ਵੈਸ਼ ਕਾਲਜ ਵਿੱਚ ਪੰਜਾਬੀ ਅਧਿਆਪਕ ਵਜੋਂ ਕਾਰਜ ਨਾ ਸਾਂਭ ਲਿਆ। ਇਹ ਉਹ ਸਮਾਂ ਸੀ ਜਦੋਂ ਚੜ੍ਹਦੇ ਪੰਜਾਬ ਨੂੰ ਹੋਰ ਵੰਡ ਵੇਖਣੀ ਪਈ। ਉਹ ਇੱਕ ਤੋਂ ਤਿੰਨ ਹਿੱਸਿਆਂ ਵਿੱਚ ਇਸ ਵਾਰ ਅੱਡ-ਅੱਡ ਨਾਵਾਂ ਨਾਲ ਵੰਡਿਆ ਗਿਆ ਸੀ।

ਜੂਨ ੧੯੬੫ ਨੂੰ ਸ. ਤਾਰਾ ਸਿੰਘ ਅਨਜਾਣ ਜੀ ਦਾ ਆਨੰਦ ਕਾਰਜ ਬੀਬੀ ਜਸਪਾਲ ਕੌਰ ਨਾਲ ਹੋਇਆ। ਬੀਬੀ ਜੀ ਦਾ ਪਰਿਵਾਰ ਪਿਛੋਂ ਤਾਂ ਪਾਕਿਸਤਾਨ ਦੇ ਗੁਜਰਾਂਵਾਲੇ ਇਲਾਕੇ ਤੋਂ ਸੀ, ਪਰ ਵੰਡੋਂ ਬਾਅਦ ਦਿੱਲੀ ਆ ਕੇ ਵੱਸ ਗਿਆ ਸੀ ਤੇ ਉਹਨਾਂ ਦੇ ਪਿਤਾ ਜੀ ਦਿੱਲੀ ਵਿੱਚ ਡਰਾਇੰਗ ਦੇ ਅਧਿਆਪਕ ਸਨ ਤੇ ਬਾਕੀ ਪਰਿਵਾਰ ਦੇ ਜੀਅ ਵੀ ਪੜ੍ਹੇ-ਲਿਖੇ ਹੋਏ ਸਨ। ਪੰਜਾਬ ਦੀ ਵੰਡ ਨੇ ਕੁਝ ਇਹੋ ਜਿਹੀ ਟੀਸ ਪੈਦਾ ਕੀਤੀ ਹੋਈ ਸੀ ਸ. ਤਾਰਾ ਸਿੰਘ ਅਨਜਾਣ ਜੀ ਦੇ ਦਿਲ ਵਿੱਚ ਕਿ ਉਹ ਭਿਵਾਨੀ ਦੀ ਨੌਕਰੀ ਛੱਡ ਕੇ ਦਿੱਲੀ ਸਰਕਾਰ ਦੀ ਨੌਕਰੀ ਵਿੱਚ ਆ ਗਏ। ਦਿੱਲੀ ਵਿੱਚ ਦਿੱਲੀ ਦੇ ਸਿੱਖਿਆ ਨਿਰਦੇਸ਼ਾਲਿਆ ਦੀ ਪੰਜਾਬੀ ਅਧਿਆਪਕ ਦੀ ਨੌਕਰੀ ਲੈ ਲਈ ਤੇ ਦਿੱਲੀ ਦੇ ਰਾਜੌਰੀ ਗਾਰਡਨ ਜ਼ਿਲ੍ਹੇ ਦੇ ਨਵੇਂ ਵਸਦੇ ਜਨਤਾ ਕਾਲੋਨੀ ਨਾਂ ਦੇ ਇਲਾਕੇ ਵਿੱਚ ਘਰ ਲੈ ਕੇ ਰਹਿਣ ਲਗ ਪਏ। ਇਹ ਜਨਤਾ ਕਾਲੋਨੀ ਜੋ ਹੁਣ ਸ਼ਿਵਾਜੀ ਵਿਹਾਰ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ ਦੇ ਨੇੜੇ ਹੀ ਨਾਮਧਾਰੀ ਕਾਲੋਨੀ ਤੇ ਰਮੇਸ਼ ਨਗਰ ਸੀ, ਜਿਥੇ ਸ. ਤਾਰਾ

ਸਿੰਘ ਅਨਜਾਣ ਜੀ ਦਾ ਸਹੁਰਾ ਪਰਿਵਾਰ ਰਹਿੰਦਾ ਸੀ ਤੇ ਪੰਜਾਬੀ ਬਾਗ ਤੇ ਰੋਹਤਕ ਰੋਡ, ਜਿਥੋਂ ਸਰਸੇ ਨੂੰ ਜਾਣ ਲਈ ਵੀ ਸੌਖਾ ਵਸੀਲਾ ਹੁੰਦਾ ਸੀ।

ਜਥੇਦਾਰੀ ਸੁਭਾਅ ਤਾਂ ਪਹਿਲੋਂ ਹੀ ਸੀ ਇਸ ਲਈ ਪੰਜਾਬੀ ਅਧਿਆਪਕ ਹੋਣ ਕਰਕੇ ਅਨਜਾਣ ਜੀ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ ਦੇ ਮੈਂਬਰ ਵੀ ਬਣ ਗਏ ਪਰ ਉਹਨਾਂ ਦਾ ਅੰਦਾਜ਼ਾ ਸੀ ਕਿ ਦਿੱਲੀ ਵਿੱਚ ਪੰਜਾਬੀ ਨੂੰ ਉਹ ਮਿਆਰ ਨਹੀਂ ਮਿਲ ਰਿਹਾ ਹੈ ਜੋ ਹੋਣਾ ਚਾਹੀਦਾ ਹੈ। ਭਾਵੇਂ ਦਿੱਲੀ ਦਾ ਕਾਫ਼ੀ ਇਲਾਕਾ ਪੰਜਾਬੀਆਂ ਦਾ ਸੀ ਪਰ ਸਕੂਲਾਂ ਵਿੱਚ ਉਹਨਾਂ ਦੀ ਪਹਿਲ ਪੰਜਾਬੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਬਣ ਰਹੀਆਂ ਸਨ ਤੇ ਨਤੀਜਨ ਸਕੂਲਾਂ ਵਿੱਚੋਂ ਪੰਜਾਬੀ ਪੜ੍ਹਨ ਵਾਲੇ ਤੇ ਪੜ੍ਹਾਉਣ ਵਾਲਿਆਂ ਦੀ ਗਿਣਤੀ ਵਿੱਚ ਇਜ਼ਾਫ਼ਾ ਨਹੀਂ ਸੀ ਹੋ ਰਿਹਾ। ਸਿੱਖਿਆ ਨਿਰਦੇਸ਼ਆਲਿਆ ਦੇ ਆਦੇਸ਼ਾਂ ਨੂੰ ਕੁਝ ਕੁ ਅਫਸਰਾਂ ਨੇ ਸੱਪੀ ਜੱਫ਼ਾ ਮਾਰਿਆ ਹੋਇਆ ਸੀ ਤੇ ਇਸ ਸੱਪੀ ਜਫੇ ਵਿੱਚੋਂ ਪੰਜਾਬੀ ਨੂੰ ਕੱਢ ਕੇ ਪੜ੍ਹਨ ਤੇ ਪੜ੍ਹਾਉਣ ਵਾਲਿਆਂ ਵਿੱਚ ਇਜ਼ਾਫ਼ਾ ਕਰਨ ਦੀ ਕੋਸ਼ਿਸ਼ ਵਿੱਚ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ ਦੇ ਅਹੁਦੇਦਾਰ ਲੱਗੇ ਹੋਏ ਸਨ। ਅਨਜਾਣ ਜੀ ਵੀ ਇਸ ਘੋਲ ਵਿੱਚ ਪੈ ਗਏ ਤੇ ਅਹੁਦੇਦਾਰਾਂ ਵਿੱਚ ਵੀ ਪਹੁੰਚ ਗਏ। ਉਹਨਾਂ ਨੇ ਦਿੱਲੀ ਦੇ ਹਰ ਇਲਾਕੇ, ਪੰਜਾਬੀ, ਗੈਰ ਪੰਜਾਬੀ ਇਲਾਕਿਆਂ ਵਿੱਚ ਜਾਕੇ ਪਰਿਵਾਰਾਂ ਨੂੰ ਸਮਝਾਇਆ ਕਿ ਪੰਜਾਬੀ ਨੂੰ ਪੜ੍ਹਨ ਨਾਲ ਮਾਣ ਮਿਲੇਗਾ, ਇੱਜ਼ਤ ਵਧੇਗੀ। ਇਸ ਦਾ ਅਸਰ ਹੋਇਆ ਅਤੇ ਸਕੂਲਾਂ ਵਿੱਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਵੱਧਣ ਲੱਗ ਪਈ ਤੇ ਅਧਿਆਪਕਾਂ ਦੀ ਵੀ। ਇਸ ਜਦੋਜਹਿਦ ਵਿੱਚ ਉਹਨਾਂ ਦੇ ਹਰ ਰਾਹ ਦੇ ਪਾਂਧੀ ਬਣੇ ਸ੍ਰੀ ਜਗਦੀਸ਼ ਕੌਸ਼ਲ, ਸ੍ਰੀ ਐਨ. ਆਰ. ਗੋਇਲ ਅਤੇ ਹੋਰ ਅਹੁਦੇਦਾਰ। ਅਨਜਾਣ ਜੀ ਦੇ ਜੁਝਾਰੂ ਸੁਭਾਅ ਨੇ ਛੇਤੀ ਹੀ ਉਹਨਾਂ ਨੂੰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਜਥੇਬੰਦੀ ਜੀ. ਐਸ. ਟੀ. ਏ. ਨਾਲ ਵੀ ਜੋੜ ਦਿੱਤਾ ਤੇ ਉਹਦੇ ਅਹੁਦੇਦਾਰਾਂ ਦੀ ਕਤਾਰ ਵਿੱਚ ਵੀ ਲਿਆ ਖੜ੍ਹਾ ਕੀਤਾ। ਉਹਨਾਂ ਇਸ ਜਥੇਬੰਦੀ ਵਲੋਂ ਐਲਾਨੀ ੧੯੭੮ ਦੀ ਹੜਤਾਲ ਵਿੱਚ ਹਿੱਸਾ ਵੀ ਲਿਆ, ਗ੍ਰਿਫਤਾਰੀ ਵੀ ਦਿੱਤੀ ਤੇ ਜੇਲ੍ਹ ਵੀ ਕੱਟੀ। ਇਸ ਜਥੇਬੰਦੀ ਰਾਹੀਂ ਉਹਨਾਂ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਵਾਉਣ ਨਾਲ ਉਹਨਾਂ ਦੇ ਚੇਹਰਿਆਂ ਦੀ ਮੁਸਕਾਨਾਂ ਨੇ ਅਨਜਾਣ ਜੀ ਨੂੰ ਇਲਾਹੀ-ਆਨੰਦ ਦੇ ਜਾਣਾ।

ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਵਿੱਚ ਪਾਏ ਯੋਗਦਾਨ ਦਾ ਕਈ ਜਥੇਬੰਦੀਆਂ ਨੇ ਨੋਟਿਸ ਲਿਆ ਅਤੇ ਇਸ ਕਰਕੇ ਸ. ਤਾਰਾ ਸਿੰਘ ਅਨਜਾਣ ਜੀ ਨੂੰ ਵੱਖ-ਵੱਖ ਮੌਕਿਆਂ ਤੇ ਪੰਜਾਬੀ ਅਕਾਦਮੀ ਦਿੱਲੀ, ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਪੰਜਾਬੀ ਸਹਿਤ ਸਭਾ ਦਿੱਲੀ ਅਤੇ ਹੋਰ ਜਥੇਬੰਦੀਆਂ ਨੇ ਵੱਖ-ਵੱਖ ਸਮਿਆਂ ਤੇ ਸਨਮਾਨਿਤ ਕੀਤਾ। ਅਨਜਾਣ ਜੀ ਨੂੰ ਹਿੰਦੁਸਤਾਨੀ ਜਥੇਬੰਦੀਆਂ ਨੇ ਹੀ ਸਿਰਫ ਸਨਮਾਨਿਤ ਨਹੀਂ ਕੀਤਾ ਸਗੋਂ ਉਹਨਾਂ ਨੂੰ ਵਲੈਤੀ (ਬਾਹਰਲੀਆਂ) ਜਥੇਬੰਦੀਆਂ ਨੇ ਵੀ ਸਨਮਾਨਿਤ ਕੀਤਾ। ਜਿਨ੍ਹਾਂ ਵੱਲੋਂ ਰਾਮਗੜੀਆ ਅਵਾਰਡ 'ਤੇ 'ਐਮਬੈਸਡਰ ਫਾਰ ਪੀਸ' ਜਿਹੇ ਸਨਮਾਨ ਯੂਨੀਵਰਸਲ ਪੀਸ ਫੈਡਰੇਸ਼ਨ ਲੰਡਨ ਦੀਆਂ ਜਥੇਬੰਦੀਆਂ ਨੇ ਦੇ ਕੇ ਫ਼ਖ਼ਰ ਮਹਿਸੂਸ ਕੀਤਾ। ਇਹਨਾਂ ਇਨਾਮਾਂ ਦੀ ਰੂਹ ਵਿੱਚ ਸ. ਤਾਰਾ ਸਿੰਘ ਜੀ ਹੁਰਾਂ ਦੀਆਂ ਦੁਨੀਆਂ ਦੀਆਂ ਕਈ ਫੇਰੀਆਂ, ਸਾਹਿਤ ਅਤੇ ਅਧਿਆਪਨ ਅਤੇ ਉਹਨਾਂ ਵਿੱਚ ਅਨਜਾਣ ਜੀ ਵਲੋਂ ਸਰਗਰਮ ਹਿਸੇਦਾਰੀ ਤੇ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਸੰਕਲਪ ਸੀ। ਅਨਜਾਣ ਜੀ ਨੇ ਵੱਖ-ਵੱਖ ਮੌਕਿਆਂ ਤੇ ਯੂ. ਐਨ. ਓ. ਨਿਊਯਾਰਕ ਯੂ. ਐਸ. ਏ. ਅਤੇ ਵਰਲਡ ਰਿਲਿਜਿਅਸ ਕਾਉਂਸਲ ਦੀ ਇਕਤਰਤਾ ਵਿੱਚ ਥਾਈਲੈਂਡ ਵੀ ਆਪਣੀ ਸ਼ਖਸੀਅਤ ਦੀ ਪਹਿਚਾਨ ਕਰਵਾਈ। ਅਨਜਾਣ ਜੀ ਅਮਰੀਕਾ ਵਿੱਚ ਹੋਈ ਵਰਲਡ ਪੰਜਾਬੀ ਕਾਨਫਰੰਸ ਵਿੱਚ ਪਹੁੰਚੇ ਤਾਕਿ ਪਿਛਲੀਆਂ ਕਾਨਫਰੰਸਾਂ ਵਿੱਚ ਕੀਤੀ ਸ਼ਮੂਲੀਅਤਾਂ ਦੀ ਲੜੀ ਜੁੜੀ ਰਹੇ। ਅੱਜ ਕੱਲ ਅਨਜਾਣ ਜੀ ਇਸ ਜਥੇ ਬੰਦੀ ਵਿੱਚ ਆਹੁੰਦੇਦਾਰ ਦੀ ਸੇਵਾ ਵੀ ਨਿਭਾ ਰਹੇ ਹਨ।


ਸ. ਤਾਰਾ ਸਿੰਘ ਅਨਜਾਣ ਜੀ ਨੇ ਕਾਫ਼ੀ ਰੁਝੇਵੇਂ ਰੱਖੇ ਹੋਏ ਸਨ ਤੇ ਇਹਨਾਂ ਰੁਝੇਵਿਆਂ ਚੋਂ ਸਮਾਂ ਕਢ ਕੇ ਉਹਨਾਂ ਆਪਣਾ ਸਾਹਿਤਕ ਸ਼ੌਕ ਤੇ ਸਫ਼ਰ ਵੀ ਜਾਰੀ ਰੱਖਿਆ ਤਾਕਿ ਸਾਹਿਤਕ ਮਿਲਣੀਆਂ ਵਿੱਚ ਕੋਈ ਘਾਟ ਨ ਰਹਿ ਜਾਏ। ਇਹ ਸਾਹਿਤਕ ਸ਼ੌਕ ਹੀ ਸੀ ਕਿ ਉਹਨਾਂ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ ਦੇ ਹੋਰ ਅਹੁਦੇਦਾਰ ਤੇ ਸਾਹਿਤ ਪਾਰਖੂਆਂ ਨਾਲ ਮਿਲ ਕੇ ੧੯੭੮ ਵਿੱਚ ਦਿੱਲੀ ਸ਼ਹਿਰ ਵਿੱਚ ਇੱਕ ਨਿਰੋਲ ਪੰਜਾਬੀ ਪ੍ਰੋਗਰਾਮ ਉਲੀਕ ਕੇ ਕਾਮਯਾਬ ਕਰ ਵਿਖਾਇਆ। ਇਸ ਪ੍ਰੋਗਰਾਮ ਵਿੱਚ ਨਾਟਕਕਾਰ ਸ. ਅਜਮੇਰ ਸਿੰਘ ਔਲਖ ਹੁਰਾਂ ਦੇ ਨਾਟਕਾਂ ਨੇ ਕਾਫ਼ੀ ਰੰਗ ਬੰਨਿਆ ਤੇ ਤਦਵਕਤੀ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਜੀ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਸ. ਤਾਰਾ ਸਿੰਘ ਅਨਜਾਣ ਨਾਮਧਾਰੀ ਪਰਿਵਾਰ ਨਾਲ

ਸੰਬੰਧਤ ਹਨ ਤੇ ਸਾਹਿਤ ਦੇ ਸ਼ੌਕੀਨ। ਇਹਨਾਂ ਦੋਹਾਂ ਨੂੰ ਉਹਨਾਂ ਘਿਉ-ਖਿਚੜੀ ਕਰਨ ਦੀ ਵਿਉਂਤ ਵਿੱਢੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਲਿਖਣੀ ਸ਼ੁਰੂ ਕਰ ਦਿੱਤੀ 'ਸਭਹਨ ਕੇ ਸਿਰਮੌਰ' ਨਾਂ ਦੇ ਹੇਠ। ਰੁਝੇਵਿਆਂ ਚੋਂ ਸਮਾਂ ਕੱਢ ਤੇ ਦੋਸਤਾਂ ਮਿੱਤਰਾਂ ਦੀ ਹੱਲਾ-ਸ਼ੇਰੀ ਨਾਲ ਕਈ ਸਰਕਾਰੀ ਦਫ਼ਤਰਾਂ ਦੇ ਕਾਗਜ਼ਾਂ ਤੋਂ ਧੂੜ ਝਾੜ ਕੇ ਨੋਟ ਤੇ ਫੁਟ ਨੋਟ ਤਿਆਰ ਕੀਤੇ, ਖਰੜਾ ਤਿਆਰ ਕੀਤਾ ਜਿਸਨੂੰ ਸਿਰਮੌਰ ਸਾਹਿਤਕਾਰ ਯਾਰਾਂ-ਦੋਸਤਾਂ ਨੇ ਕਈ ਵੇਰ ਅਨਜਾਣ ਜੀ ਨਾਲ ਮਿਲ ਕੇ ਛੰਡਿਆਂ ਤੇ ਅੰਤ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤਾ ਤਾਕਿ ਆਖਰੀ ਮੋਹਰ ਲੱਗ ਸਕੇ। ਛੇਤੀ ਹੀ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜੀ ਵਲੋਂ ਮਾਮੂਲੀ ਜਿਹੇ ਸੁਧਾਰਾਂ ਨਾਲ ਆਸ਼ੀਰਵਾਦ ਆ ਗਿਆ ਤੇ 'ਸਭਹਨ ਕੇ ਸਿਰਮੌਰ' ਛੱਪ ਕੇ ਕਦਰਦਾਨਾਂ ਦੀ ਪਹਿਲੋਂ ਪੜ੍ਹਨ ਵਾਲੇ ਟੇਬਲ ਉਤੇ ਅਤੇ ਫੇਰ ਉਹਨਾਂ ਦੀ ਲਾਇਬਰੇਰੀਆਂ ਵਿੱਚ ਜਾ ਪਹੁੰਚੀ। ਸ਼ਾਇਦ ਸਤਿਗੁਰੂ ਜੀ ਦੇ ਆਸ਼ੀਰਵਾਦ ਦਾ ਹੀ ਅਸਰ ਸੀ ਕਿ ਡਾ. ਹਰਿਭਜਨ ਸਿੰਘ ਜੀ ਦੇ ਮੁੱਖ ਸ਼ਬਦਾਂ ਨਾਲ ਸ਼ਿੰਗਾਰੀ 'ਸਭਹਨ ਕੇ ਸਿਰਮੌਰ' ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਵੱਖ-ਵੱਖ ਸਮਿਆਂ ਤੇ ਲੋਕਾਂ ਸਾਹਮਣੇ ਪੇਸ਼ ਕੀਤਾ। ਬਸ ਫੇਰ ਕੀ ਸੀ ਅਨਜਾਣ ਜੀ ਨੇ ਆਦਤ ਅਨੁਸਾਰ ਪਹਿਲੋਂ ਟਾਈਟਲ ਸੋਚ ਲੈਣਾ ਤੇ ਕਿਤਾਬਾਂ ਨੂੰ ਅਮਲੀ ਜਾਮਾ ਪਹਿਨਾ ਦੇਣਾ। ਇਹਨਾਂ ਵਿਚ ਜੀਵਨੀਆਂ, ਸੰਪਾਦਨਾ, ਸਹਿ ਸੰਪਾਦਨਾਂ, ਅਨੁਵਾਦ, ਬਾਲ ਸਹਿਤ ਪਾਠ ਪੁਸਤਕਾਂ 'ਤੇ ਵਿਅਕਤੀ ਚਿਤਰ ਸਨ। ਉਹਨਾਂ ਨੇ ਹੁਣ ਤੱਕ ਕਰੀਬ ਦੋ ਦਹਾਈ ਕਿਤਾਬਾਂ ਸਾਹਿਤ ਦੀ ਝੋਲੀ ਪਾਈਆਂ ਹਨ ਤੇ ਹੋਰਾਂ ਤੇ ਨਜ਼ਰ ਲਗਾਈ ਬੈਠੇ ਹਨ। ਸਤਿਗੁਰੂ ਜੀ ਦੀ ਅਨਜਾਣ ਜੀ ਤੇ ਅਪਾਰ ਬਖਸ਼ਿਸ਼ ਹੈ ਤੇ ਇਸ ਆਸ਼ੀਰਵਾਦ ਦਾ ਹੀ ਫਲ ਹੈ ਕਿ ਉਹ ਨਾਮਧਾਰੀਆਂ ਦੇ ਸਪਤਾਹਿਕ ਅਖਬਾਰ ਸਤਿਜੁਗ ਦੇ ਐਡੀਟਰ ਹਨ ਤੇ ਸਤਿਜੁਗ ਦਾ ਸਾਹਿਤ ਤੇ ਨਾਮਧਾਰੀ ਦਰਸ਼ਨਾਂ ਨਾਲ ਭਰਪੂਰ ਨਿਵੇਕਲਾ ਅੰਕ ਪਿਛਲਿਆਂ ਦੋ ਦਹਾਕਿਆਂ ਤੋਂ ਹਰ ਹੋਲੇ ਰੂ-ਬ-ਰੂ ਕਰਵਾ ਰਹੇ ਹਨ। ਅਨਜਾਣ ਜੀ ਸਤਿਗੁਰੂ ਜੀ ਦੇ ਉਹਨਾਂ ਵਿਸ਼ਵਾਸ ਪਾਤਰਾਂ ਚੋਂ ਇੱਕ ਹਨ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੀ ਹੱਥੀਂ ਆਸ਼ੀਰਵਾਦ ਹੀ ਨਹੀਂ ਦਿੱਤੇ ਸਗੋਂ ਸਤਿਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੇ ਡਾ. ਸੰਪੂਰਨਾ ਨੰਦ ਸੰਸਕ੍ਰਿਤ ਯੂਨੀਵਰਸਿਟੀ ਵਾਰਾਨਸੀ ਦੇ ਅਹੁਦੇਦਾਰ ਵੀ ਥਾਪਿਆ ਅਤੇ ਭਾਈ ਲਹਿਣਾ ਸਿੰਘ ਅਵਾਰਡ ਜੀਵਨ ਸਾਥਣ ਸਰਦਾਰਨੀ ਜਸਪਾਲ ਕੌਰ ਨਾਲ ਇਕੱਠੇ ਤੌਰ ਤੇ ਦਿੱਤਾ।

ਸ. ਤਾਰਾ ਸਿੰਘ ਅਨਜਾਣ ਜੀ ਨੇ ਭਾਸ਼ਾ ਨਿਰਦੇਸ਼ਾਲਿਆ ਦਿੱਲੀ ਦੇ ਦਫਤਰ ਵਿੱਚ ਕੁਝ ਸਮਾਂ ਡੈਪੂਟੇਸ਼ਨ ਤੇ ਵੀ ਕੰਮ ਕੀਤਾ ਤੇ ਪੰਜਾਬੀ ਅਕਾਦਮੀ ਦਿੱਲੀ ਦੇ ਅਹੁਦੇਦਾਰ ਵੀ ਰਹੇ। ਡੈਪੂਟੇਸ਼ਨ ਤੇ ਕੁਝ ਸਮਾਂ ਰਹਿਣ ਤੋਂ ਬਾਅਦ ਉਹ ਸਕੂਲ ਅਧਿਆਪਕ ਦੀ ਡਿਊਟੀ ਤੇ ਮੁੜ ਆਏ ਪਰ ਜ਼ਿਆਦਾ ਦੇਰ ਇਸ ਜਿੰਮੇਵਾਰੀ ਨਾਲ ਜੁੜੇ ਨਾ ਰਹਿ ਸਕੇ ਤੇ ਦਿੱਲੀ ਦੀ ਐਸ. ਸੀ. ਆਰ. ਟੀ. ਵਿੱਚ ਉਹਨਾਂ ਲੈਕਚਰਾਰ ਵਜੋਂ ਜਿੰਮੇਵਾਰੀ ਲੈ ਲਈ। ਹਾਲਾਂਕਿ ਐਸ. ਸੀ. ਟੀ. ਆਰ. ਟੀ. ਵਿੱਚ ਉਹ ਲੈਕਚਰਾਰ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਪਬਲੀਕੇਸ਼ਨ ਆਫੀਸਰ ਦੇ ਤੌਰ ਤੇ ਪੁਰਾਨੇ ਹੁਨਰ ਨੂੰ ਹੋਰ ਤਿੱਖਾ ਵੀ ਕਰਦੇ ਰਹੇ ਤੇ ਡਾਈਟ (ਡੀ. ਆਈ. ਈ. ਟੀ.) ਅਤੇ ਐਸ. ਸੀ. ਟੀ. ਆਰ. ਟੀ. ਵਿੱਚ ਪੰਜਾਬੀ ਤੇ ਹੋਰ ਵਿਸ਼ਿਆਂ ਤੇ ਸੈਮੀਨਾਰ ਕਰਵਾ ਕੇ ਨਵੇਂ ਅਧਿਆਪਕਾਂ ਨੂੰ ਸਿਖਾਉਂਦੇ ਵੀ ਰਹੇ ਹਨ ਅਤੇ ਲੋੜਵੰਦਾਂ ਦੀ ਰਹਿਨੁਮਾਈ ਵੀ ਕਰਦੇ ਰਹੇ। ਇਸ ਤੋਂ ਇਲਾਵਾ ਸੀ. ਬੀ. ਐਸ.ਈ. ਨੇ ਵੀਂ ਕਈ ਕਮੇਟੀਆਂ ਦੀ ਅਹੁੰਦੇਦਾਰੀ ਦੀ ਜਿੰਮੇਵਾਰੀ ਅਨਜਾਣ ਜੀ ਨੂੰ ਪਾ ਦਿੱਤੀ ਹੋਈ ਹੈ ਤਾਂਕਿ ਨੌਵੀਂ, ਦਸਵੀਂ ਤੇ ਗਿਆਰਵੀਂ ਜਮਾਤ ਦੀ ਪੰਜਾਬੀ ਪੁਸਤਕ ਨੂੰ ਨਵੇਂ ਸਿਰਿਉਂ ਉਲੀਕ ਕੇ ਨਵਾਂ ਰੂਪ ਦਿੱਤਾ ਜਾ ਸਕੇ ਅਤੇ ਸਿਲੇਬਸ ਤਿਆਰ ਕੀਤੇ ਜਾਣ । ਅਨਜਾਣ ਜੀ ੨੧ਵੀਂ ਸਦੀ ਦੇ ਪਹਿਲੇ ਦਹਾਕੇ ਦੇ ਅਧ ਵਿੱਚ ਐਸ. ਸੀ.ਟੀ. ਆਰ. ਟੀ. ਤੋਂ ਸੇਵਾ ਮੁਕਤ ਹੋਏ। ਸੇਵਾ ਮੁਕਤੀ ਦਾ ਗੈਰ ਸਰਕਾਰੀ ਪਬਲਿਸ਼ਰਾਂ ਨੇ ਸਵਾਗਤ ਕਰਦੇ ਹੋਏ ਅਨਜਾਣ ਜੀ ਨੂੰ ਨਾਲ ਜੁੜਨ ਦੀ ਪੇਸ਼ਕਸ਼ ਕੀਤੀ ਤਾਕਿ ਉਹ ਗੈਰ ਸਰਕਾਰੀ ਸਕੂਲਾਂ ਨੂੰ ਵੀ ਪੰਜਾਬੀ ਸਾਹਿਤ ਨਾਲ ਰੂ-ਬ-ਰੂ ਕਰਵਾ ਸਕਣ ਵਾਲੀਆਂ ਪਾਠ ਪੁਸਤਕਾਂ ਤਿਆਰ ਕਰਕੇ ਹੋਰ ਨਾਮ ਖੱਟ ਸਕਣ।

ਸ. ਤਾਰਾ ਸਿੰਘ ਅਨਜਾਣ, ਅਨਜਾਣ ਤਾਂ ਹੈ ਨਹੀਂ, ਇਹ ਉਹਨਾਂ ਦੇ ਨੇੜਲੇ ਘੇਰੇ ਨੂੰ ਤਾਂ ਪਤਾ ਹੀ ਹੈ ਤੇ ਇਹ ਉਹਨਾਂ ਨੇ ਇਕ ਵਾਰ ਫੇਰ ਸਮਝਾਇਆ ਜਦੋਂ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਪਬਲੀਕੇਸ਼ਨ ਡੀਵੀਜ਼ਨ ਨੇ ਉਹਨਾਂ ਦੀ ਵਿਉਂਤੀ ਪੁਸਤਕ 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਨੂੰ ਛਾਪ ਕੇ ਮਾਰਕਿਟ ਵਿੱਚ ਉਤਾਰਿਆ ਤੇ ਉਹਨਾਂ ਵਲੋਂ ਕੀਤੀ ਪੰਜਾਬੀ ਭਾਸ਼ਾ ਦੀ ਸੇਵਾ, ਬਚਪਨ ਦੇ ਸੁਪਨੇ ਪਿਤਾ ਦੀ ਦੂਰ ਅੰਦੇਸ਼ੀ ਅਤੇ ਅਧਿਆਪਕ ਦੇ ਤੌਰ ਤੇ ਕੀਤੀ ਘਾਲਣਾ ਦੂਸਰੇ ਮੁਲਕਾਂ ਤੋਂ ਮਿਲੇ ਸਨਮਾਨਾਂ ਅਤੇ ਇਨਾਮਾਂ ਉਤੇ ਮੋਹਰ ਲਗਾ ਦਿੱਤੀ।



ਸੰਤ ਲੌਂਗੋਵਾਲ ਨੂੰ ਯਾਦ ਕਰਦਿਆਂ

—ਗੁਰਮੁਖ ਸਿੰਘ ਸ਼ਾਹ

ਸ. ਗੁਰਮੁਖ ਸਿੰਘ ਸ਼ਾਹ ਹੋਰਾਂ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨਾਲ ਬਹੁਤ ਨੇੜਿਓਂ ਦੇਖਣ ਦਾ ਅਵਸਰ ਮਿਲਿਆ ਸੀ। ਉਹਨਾਂ ਸੰਤ ਜੀ ਨਾਲ ਸੰਬੰਧਤ ਆਪਣੀਆਂ ਯਾਦਾਂ ਨੂੰ ਕਲਮ ਬੰਦ ਕਰ ਕੇ ਵਰਿਆਮ ਵਿਚ ਛਪਣ ਲਈ ਭੇਜਿਆ ਹੈ। ਸੰਤਾਂ ਦੀ ਬਰਸੀ ਤੋਂ ਬਹੁਤ ਪਛੜਕੇ ਮਿਲੇ ਇਸ ਲੇਖ ਨੂੰ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਬਹੁਤ ਕਰੀਬ ਤੋਂ ਵੇਖੇ ਮਹਿਸੂਸੇ ਸੰਤਾਂ ਦੇ ਗੁਣਾਂ ਦਾ ਬਹੁਤ ਢੁਕਵਾਂ ਵਿਵਰਨ ਹੈ....

— ਸੰਪਾਦਕ

ਸ੍ਰੀਮਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਇਕ ਮਹਾਨ ਸ਼ਖਸੀਅਤ ਦੇ ਮਾਲਕ ਸਨ ਜੋ ਹਿੰਦੂ-ਸਿੱਖ ਏਕਤਾ ਦੇ ਮੁਦੱਈ ਤੇ ਇਨਸਾਨੀਅਤ ਦੇ ਪੁਜਾਰੀ ਸਨ। ਗੁਰਬਾਣੀ ਉਹਨਾਂ ਦੇ ਰੋਮ-ਰੋਮ ਵਿਚ ਰਚੀ ਹੋਈ ਸੀ। ਮਿੱਠ ਬੋਲਣਾ, ਨੇਕੀ, ਨਿਮਰਤਾ ਤੇ ਸਾਊਪਣਾ ਉਹਨਾਂ ਦੇ ਸੁਭਾਅ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਨਾਮ ਸਿਮਰਨ ਤੇ ਗੁਰਬਾਣੀ ਦੀ ਟੇਕ ਲੈ ਕੇ ਚੱਲਣ ਵਾਲੇ ਤੇ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਮਹਾਂਪੁਰਸ਼ ਸਨ। ਪ੍ਰੋ. ਗੁਰਦਿਆਲ ਸਿੰਘ ਫੁੱਲ ਦੇ ਸ਼ਬਦਾਂ ਵਿਚ "ਕਈ ਜੁਗਾਂ ਮਗਰੋਂ ਧਰਤੀ ਕੋਹੇਨੂਰ ਵਰਗਾ ਹੀਰਾ ਪੈਦਾ ਕਰਨ ਦੇ ਸਮਰੱਥ ਹੁੰਦੀ ਹੈ" ਕਦੀ-ਕਦੀ ਹੀ ਮਨੁੱਖੀ ਜਾਮੇ ਵਿਚ ਨਿਮਰਤਾ, ਹਲੀਮੀ, ਸਾਦਗੀ, ਸਹਿਜ, ਸੱਚ ਕਹਿਣ ਦੀ ਸ਼ਕਤੀ, ਸਹਿਣਸ਼ੀਲਤਾ ਅਤੇ ਤਿਆਗ ਸਭੇ ਆਪਸ ਵਿਚ ਲੀਨ ਹੋ ਕੇ ਮਨੁੱਖੀ ਚਿਹਰੇ ਦਾ ਜਲੌ ਬਣਦੇ ਹਨ। ਕਦੀ-ਕਦੀ ਹੀ ਇਕ ਸ਼ਖਸੀਅਤ, ਨਿਮਰਤਾ ਅਤੇ ਦਲੇਰੀ, ਮਸੂਮੀਅਤ, ਦ੍ਰਿੜਤਾ ਅਤੇ ਸੂਰਤ ਤੇ ਸੀਰਤ ਦਾ ਸੁਮੇਲ ਹੁੰਦਾ ਹੈ। ਸੱਚ ਕਹਿੰਦਾ ਤੇ ਸੱਚ ਤੇ ਪਹਿਰਾ ਦਿੰਦਾ ਹੈ ਅਤੇ ਸੱਚ ਦੀ ਸੁਰੱਖਿਆ ਲਈ ਕੁਰਬਾਨ ਹੁੰਦਾ ਹੈ ਤੇ ਧਰਤੀ ਨੂੰ ਸੁਹਾਗਣ ਕਰ ਜਾਂਦਾ ਹੈ। ਸੌ ਸਦੀਆਂ ਮਗਰੋਂ ਹੀ ਕੋਈ ਕੁੱਖ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗਾ ਨੂਰ ਸਿਰਜਦੀ ਹੈ। ਕਦੀ-ਕਦੀ ਹੀ ਦੁਨੀਆਂ ਉੱਤੇ ਐਸਾ ਸਮਤੋਲ ਮਨੁੱਖ ਪ੍ਰਵੇਸ਼ ਕਰਦਾ ਹੈ, ਜਿਸ ਦੇ ਚਰਨਾਂ ਵਿਚ ਬੈਠ ਕੇ ਰੋਮ-ਰੋਮ ਮਹਿਕਣ ਲੱਗ ਪੈਂਦਾ ਹੈ। ਜਿਸਦੀ ਰਸਨਾਂ ਦੀ ਮਿਠਾਸ ਅਨੋਖਾ ਰਸ ਖਿਲਾਰਦੀ ਹੈ ਤੇ ਦਰਸ਼ਨ ਕਰਕੇ ਮਨ ਮੌਲ ਉੱਠਦਾ ਹੈ। ਇਹੋ ਜਿਹੇ ਨੂਰਾਨੀ ਸਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ।"

ਦਾਸ ਨੂੰ ਇਸ ਮਹਾਨ ਸ਼ਖਸੀਅਤ ਨੂੰ ਬਹੁਤ ਨੇੜੇ ਹੋ ਕੇ ਮਿਲਣ ਦਾ ਮੌਕਾ ਮਿਲਿਆ ਹੈ। ਸਾਲ ੧੯੭੯ ਵਿਚ ਮੈਂ ਪਹਿਲੀ ਵਾਰ ਸ. ਜਗਦੇਵ ਸਿੰਘ ਲਾਂਗੜੀਆਂ ਰਾਹੀਂ ਮਿਲਿਆ ਤਾਂ ਆਪ ਨੇ ਕਿਸੇ ਉੱਚ ਅਧਿਕਾਰੀ ਨਾਲ ਮੇਰੀ ਸਾਬਤ ਸੂਰਤ ਹੋਣ ਕਰਕੇ ਪੂਰਨ ਗੁਰ-ਸਿੱਖ ਕਹਿ ਕੇ ਜਾਣਕਾਰੀ ਕਰਵਾਈ ਸੀ ਤੇ ਪੁਰਜ਼ੋਰ ਸਿਫਾਰਸ਼ ਕੀਤੀ ਸੀ। ਸੰਤ ਜੀ ਦੀ ਸ਼ਖਸੀਅਤ ਐਸੀ ਮਿਕਨਾਤੀਸੀ ਸੀ ਕਿ ਵਾਰ-ਵਾਰ ਮਿਲਣ ਤੇ ਜੀਅ ਕਰਦਾ ਸੀ। ਉਹਨਾਂ ਨੂੰ ਮਿਲ ਕੇ ਇਕ ਖਾਸ ਕਿਸਮ ਦਾ ਸਕੂਨ ਮਿਲਦਾ ਸੀ। ਸੰਤ ਜੀ ਸਰਗਰਮ ਰਾਜਨੀਤੀ ਤੋਂ ਕਤਰਾਉਂਦੇ ਸਨ। ਜਦ ਉਹਨਾਂ ਨੂੰ ਬਾਬੂ ਬ੍ਰਿਛਭਾਨ ਸਾਬਕਾ ਮੁੱਖ ਮੰਤਰੀ ਪੈਪਸੂ ਦੇ ਮੁਕਾਬਲੇ ਵਿਚ ਚੋਣ ਲੜਨ ਲਈ ਉਮੀਦਵਾਰ ਬਣਾਇਆ ਗਿਆ ਤਾਂ ਆਪ ਕਈ ਦਿਨ ਲੁਕੇ ਰਹੇ। ਪਰ ਸ਼੍ਰੋਮਣੀ ਅਕਾਲੀ ਦਲ ਪਾਸ ਬਾਬੂ ਬ੍ਰਿਛਭਾਨ ਦੇ ਮੁਕਾਬਲੇ ਦਾ ਹੋਰ ਕੋਈ ਉਮੀਦਵਾਰ ਨਹੀਂ ਸੀ। ਆਖੀਰ ਸੰਤ ਜੀ ਨੂੰ ਚੋਣ ਲੜਨੀ ਪਈ। ਸੰਤ ਜੀ ਨੇ ਦੱਸਿਆ ਕਿ ਮੈਂ ਜਦੋਂ ਹਲਕਾ ਲਹਿਰਾ ਤੋਂ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਤਾਂ ਕੁਝ ਨਾਮਧਾਰੀ ਸਿੰਘ ਜੀਪ ਲੈ ਕੇ ਮੇਰੇ ਹਲਕੇ ਵਿਚ ਨਾਮਧਾਰੀ ਸਿੰਘਾਂ ਨੂੰ ਮੇਰੀ ਮੱਦਦ ਕਰਨ ਵਾਸਤੇ ਘਰੋਂ

ਘਰੀ ਜਾ ਕੇ ਕਹਿ ਕੇ ਆਏ ਸਨ ਤਾਂ ਮੈਂ ਉਹਨਾਂ ਸਿੰਘਾਂ ਨੂੰ ਕਿਹਾ ਕਿ ਮੈਂ ਤਾਂ ਮੱਦਦ ਕਰਨ ਲਈ ਬੇਨਤੀ ਨਹੀਂ ਕੀਤੀ। ਤਾਂ ਉਹਨਾਂ ਕਿਹਾ ਕਿ ਆਪ ਦੇ ਨਾਮ ਨਾਲ ਸੰਤ ਲੱਗਦਾ ਹੈ। ਇਸ ਕਰਕੇ ਸਾਨੂੰ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਹੈ ਕਿ ਸੰਤਾਂ ਦੀ ਮੱਦਦ ਲਈ ਜਾਵੋ। ਇਸ ਚੋਣ ਵਿਚ ਸੰਤ ਜੀ ਨੇ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਸੰਤ ਜੀ ਨੇ ਦੱਸਿਆ ਕਿ ਕਾਫੀ ਅਰਸਾ ਹੋ ਗਿਆ ਹੈ, ਲੌਂਗੋਵਾਲ ਦਾ ਅੰਦਰਲਾ ਗੁਰਦੁਆਰਾ ਜੋ ਸ਼ਹੀਦ ਭਾਈ ਮਨੀ ਸਿੰਘ ਦੇ ਨਾਮ ਤੇ ਹੈ, ਵਿਖੇ ਇੱਥੋਂ ਦੇ ਮਹਾਨ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੀ ਯਾਦ ਮਨਾਉਣ ਲਈ ਸ੍ਰੀ ਸਤਿਗੁਰੂ ਜੀ, ਮਾਸਟਰ ਨਿਹਾਲ ਸਿੰਘ ਅਤੇ ਕੁਝ ਹੋਰਾਂ ਸਿੰਘਾਂ ਸਮੇਤ ਇੱਥੇ ਆਏ ਸਨ। ਅਸੀਂ ਗੁਰਦੁਆਰਾ ਦੇ ਬਰਾਂਡੇ ਵਿਚ ਕੁਝ ਸਫਾ ਤੇ ਦਰੀਆਂ ਵਿਛਾਂ ਦਿੱਤੀਆਂ ਅਤੇ ਸਤਿਗੁਰੂ ਵਾਸਤੇ ਕੁਰਸੀ ਰੱਖਵਾ ਦਿੱਤੀ। ਇਹ ਫੈਸਲਾ ਹੋਇਆ ਕਿ ਅਸੀਂ ਦਰੀਆਂ ਤੇ ਬੈਠ ਜਾਵਾਂਗੇ ਤੇ ਸਤਿਗੁਰੂ ਜੀ ਕੁਰਸੀ ਤੇ ਬੈਠ ਜਾਣਗੇ। ਪਰ ਸਤਿਗੁਰੂ ਜੀ ਨੇ ਕੁਰਸੀ ਚੁੱਕਵਾ ਦਿੱਤੀ ਤੇ ਕਿਹਾ ਕਿ ਮੈਂ ਸੰਗਤ ਤੋਂ ਉੱਚਾ ਨਹੀਂ ਬੈਠਣਾ। ਸਗੋਂ ਉਥੇ ਹੀ ਆਪਣਾ ਆਸਣ ਵਿਛਾ ਕੇ ਬੈਠ ਗਏ। ਉਹਨਾਂ ਦੱਸਿਆ ਕਿ ਅਸੀਂ ਇਸ ਨਿਰਮਾਣਤਾ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਭਾਵੇਂ ਕਿੰਨੇ ਵੀ ਥੱਕੇ-ਅੱਕੇ ਹੋਈਏ, ਜਦੋਂ ਸੰਤ ਜੀ ਨੂੰ ਮਿਲੀਦਾ ਸੀ ਤਾਂ ਉਹਨਾਂ ਦੀ ਮਿੱਠੀ ਮੁਸਕਾਨ ਅਤੇ ਪਿਆਰ ਸਾਰੀਆਂ ਥਕਾਵਟਾਂ ਲਾਹ ਦਿੰਦੀ ਸੀ ਤੇ ਗੱਦ-ਗੱਦ ਹੋ ਕੇ ਮੁੜੀਦਾ ਸੀ। ਇਹ ਜੋ ਮੈਂ ਅੱਗੇ ਲਿਖ ਰਿਹਾ ਹਾਂ। ਇਹ ਮੈਨੂੰ ਸੰਤਾਂ ਨੇ ਆਪਣੇ ਮੁਖਾਰਬਿੰਦ ਤੋਂ ਸੁਣਾਈ ਸੀ ਕਿ ਜਦੋਂ ਮੈਂ ਇੰਗਲੈਂਡ ਗਿਆ ਤਾਂ ਉਥੋਂ ਦੀ ਸੰਗਤ ਨੇ ਮੈਨੂੰ ਦੱਸਿਆ ਕਿ ੧੯੭੬ ਵਿਚ ਸਾਰੇ ਇੰਗਲੈਂਡ ਵਿਚ ਬਰਸਾਤ ਨਹੀਂ ਸੀ ਹੁੰਦੀ, ਲੋਕ ਪਾਣੀ ਨੂੰ ਤਰਸਦੇ ਸਨ ਤੇ ਇਸ ਫਿਕਰ ਵਿਚ ਸਨ ਕਿ ਹੁਣ ਕੀ ਬਣੇਗਾ? ਧਰਤੀ ਥੱਲੇ ਵੀ ਪਾਣੀ ਨਹੀਂ ਸੀ ਮਿਲਦਾ। ਇਹ ਇਕ ਅਜਿਹਾ ਸਮਾਂ ਸੀ ਕਿ ਵਿਗਿਆਨ ਵੀ ਚੁੱਪ ਸੀ ਕਿ ਹੁਣ ਕੀ ਹੋਵੇ? ਬਰਸਾਤ ਲਈ ਤਰਲੇ ਪਾਏ ਜਾ ਰਹੇ ਸਨ, ਹਾ ਹਾ ਕਾਰ ਮੱਚੀ ਹੋਈ ਸੀ। ਇਨੀ ਦਿਨੀ ਸਤਿਗੁਰੂ ਜਗਜੀਤ ਸਿੰਘ ਜੀ ਇੰਗਲੈਂਡ ਆਏ ਹੋਏ ਸਨ। ਸਾਰਿਆਂ ਨੇ ਰਲ ਕੇ ਅਰਜ ਕੀਤੀ ਕਿ ਮਹਾਰਾਜ ਮੀਂਹ ਦੀ ਕਿਰਪਾ ਕਰੋ, ਸਾਰਾ ਇੰਗਲੈਂਡ ਤਰਾਸ-ਤਰਾਸ ਕਰ ਰਿਹਾ ਹੈ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਕੱਲ ਦੁਪਹਿਰ ਤੱਕ ਮੀਂਹ ਪੈ ਜਾਵੇਗਾ ਤਾਂ ਠੀਕ ਉਸ ਸਮੇਂ ਅੰਦਰ ਬਰਸਾਤ ਪੈ ਗਈ ਤੇ ਇਨੀ ਬਰਸਾਤ ਹੋ ਗਈ ਕਿ ਬੰਦ ਨਾ ਹੋਵੇ। ਸਤਿਗੁਰੂ ਜੀ ਦੌਰੇ ਤੇ ਅੱਗੇ ਚਲੇ ਗਏ ਸਨ, ਉਥੇ ਜਾ ਕੇ ਸੰਗਤ ਨੇ ਫਿਰ ਅਰਜ਼ ਕੀਤੀ ਕਿ ਮਹਾਰਾਜ ਮੀਂਹ ਬੰਦ ਕਰਵਾਉ ਤਾਂ ਮੀਂਹ ਬੰਦ ਹੋ ਗਿਆ। ਸਿੰਘਾਂ ਨੇ ਦੱਸਿਆ ਕਿ ਸਾਡਾ ਸਿਰ ਉਦੋਂ ਦਾ ਉੱਚਾ ਹੈ।



ਅੰਗਰੇਜ਼ ਲੋਕ ਕਦਰ ਕਰਦੇ ਹਨ ਕਿ ਸਿੱਖਾਂ ਦਾ ਗੁਰੂ ਆਇਆ ਸੀ, ਜਿਸਨੇ ਮੀਂਹ ਪਵਾਇਆ ਸੀ। ਇੰਗਲੈਂਡ ਦੀਆਂ ਪ੍ਰਸਿੱਧ ਅਖਬਾਰਾਂ ਦੇ ਪਹਿਲੇ ਪੇਜ ਤੇ ਸੁਰਖੀਆਂ ਸਨ ਕਿ ਵਰਖਾ ਦਾ ਦੇਵਤਾ ਆ ਗਿਆ...ਆਦਿ। ਜਦੋਂ ਇਹ ਸਾਰਾ ਕੁਝ ਸੰਤ ਜੀ ਨੇ ਦੱਸਿਆ ਤਾਂ ਮੈਂ ਸੰਤ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਿੱਧਾ ਆਪਣੇ ਸਿਰ ਨਹੀਂ ਲੈਂਦੇ। ਉਹਨਾਂ ਜ਼ਰੂਰ ਮਰਯਾਦਾ ਨਾਲ ਨਾਮ ਸਿਮਰਨ ਦੀ ਵਰਨੀ/ਹਵਨ ਤੇ ਅਰਦਾਸ ਕਰਨ ਲਈ ਕਿਹਾ ਹੋਵੇਗਾ ਤੇ ਸ਼ਾਇਦ ਸਮਾਂ-ਬੱਧ ਵੀ ਨਾ ਕੀਤਾ ਹੋਵੇ। ਤਾਂ ਸੰਤ ਜੀ ਨੇ ਕਿਹਾ ਕਿ ਸ਼ਾਇਦ ਇਸ ਤਰ੍ਹਾਂ ਹੀ ਹੋਵੇ, ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ। ਪਰ ਮੈਨੂੰ ਉਥੇ ਸਿੰਘਾਂ ਨੇ ਇਸੇ ਤਰ੍ਹਾਂ ਹੀ ਦੱਸਿਆ ਸੀ। ਸੰਤਾਂ ਨੇ ਦੱਸਿਆ ਕਿ ਇੰਗਲੈਂਡ ਦੌਰੇ ਸਮੇਂ ਕੁਝ ਸਿੰਘਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਸਿੱਖ ਧਰਮ ਵਿਚ ਮਾਸ, ਸ਼ਰਾਬ ਵਰਜਿਤ ਹੈ ਕਿ ਨਹੀਂ? ਤਾਂ ਮੈਂ ਉਹਨਾਂ ਨੂੰ ਗੁਰਬਾਣੀ ਦੀਆਂ ਕੁਝ ਤੁਕਾਂ ਸੁਣਾਈਆਂ ਕਿ "ਬਾਬਾ ਹੋਰ ਖਾਣਾ ਖੁਸੀ ਖੁਵਾਰ ਜਿਸ ਖਾਧੈ ਤਨ ਪੀੜੀਐ ਮਨ ਮਹਿ ਚਲੇ ਵਿਕਾਰ" ਅਤੇ "ਜੇ ਰਤ ਲੱਗੇ ਕੱਪੜੀ ਜਾਮਾ ਹੋਏ ਪਲੀਤ, ਜੋ ਰਤ ਪੀਵੇ ਮਾਨਸਾ ਤਾ ਕਿਉਂ ਨਿਰਮਲ ਚੀਤ।" ਸੰਤ ਜੀ ਨੇ ਕਿਹਾ ਕਿ ਇਹ ਮੇਰੀ ਗੱਲ ਨਹੀਂ, ਗੁਰਬਾਣੀ ਕਹਿੰਦੀ ਹੈ। ਉਹ ਕਹਿੰਦੇ ਹਨ ਕਿ ਹੋਰ ਸਿੱਖ ਲੀਡਰ ਆਉਂਦੇ ਹਨ, ਉਹਨਾਂ ਨੇ ਤਾਂ ਕਦੇ ਦੱਸਿਆ ਨਹੀਂ।

ਇਕ ਦਿਨ ਗੱਲਾਂ ਕਰਦਿਆਂ ਸੰਤ ਜੀ ਨੇ ਦੱਸਿਆ ਕਿ ਤਰਨਤਾਰਨ ਵਿਖੇ ਗੁਰਦੁਆਰਾ ਸਾਹਿਬ ਪਾਸ ਸਾਨੂੰ ਕਾਫੀ ਔਕੜ ਪੇਸ਼ ਆਉਂਦੀ ਸੀ ਕਿਉਂਕਿ ਵਿਚਾਲੇ ਕੁਝ ਜਗ੍ਹਾ ਨਾਮਧਾਰੀ ਦਰਬਾਰ ਦੀ ਆਉਂਦੀ ਸੀ। ਅਸੀਂ ਨਾਮਧਾਰੀ ਦਰਬਾਰ ਕੋਲ ਪਹੁੰਚ ਕੀਤੀ ਤਾਂ ਸ੍ਰੀ ਹੰਸਪਾਲ ਜੀ ਵਲੋਂ ਪੂਰਾ-ਪੂਰਾ ਸਹਿਯੋਗ ਦਿੱਤਾ ਗਿਆ ਤੇ ਸਾਡੀ ਬੇਨਤੀ ਮੰਨ ਕੇ ਉਹ ਜਗ੍ਹਾ ਵਟਾ ਲਈ ਗਈ, ਜਿਸ ਲਈ ਅਸੀਂ ਨਾਮਧਾਰੀ ਦਰਬਾਰ ਦੇ ਧੰਨਵਾਦੀ ਹਾਂ ਤੇ ਮਹਿਸੂਸ ਕਰਦੇ ਹਾਂ ਕਿ ਸਾਡੀ

ਸਿੱਖ ਕੌਮ ਇਕ ਹੈ।

ਜਦੋਂ ਬਾਦਲ ਸਾਹਿਬ ਦੀ ਪਹਿਲੀ ਵਾਰ ਮਨਿਸਟਰੀ ਟੁੱਟੀ ਤਾਂ ਉਸ ਦਿਨ ਇਹ ਦਰਵੇਸ਼ ਮਹਾਂਪੁਰਸ਼ ਸਣੇ ਕੇਸੀ ਇਸ਼ਨਾਨ ਕਰਕੇ ਕੈਮਬੋਵਾਲ ਵਿਖੇ ਨਾਮ ਸਿਮਰਨ ਕਰ ਰਹੇ ਸਨ। ਜਦੋਂ ਮੈਂ ਮਿਲਿਆ ਤਾਂ ਹੈਰਾਨ ਸਾਂ ਕਿ ਅੱਜ ਮਨਿਸਟਰੀ ਟੁੱਟੀ ਹੈ ਤੇ ਸੰਤ ਜੀ ਬੇਪਰਵਾਹ ਹੋ ਕੇ ਮਾਲਾ ਫੇਰੀ ਜਾਂਦੇ ਹਨ। ਇੰਨੇ ਨੂੰ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਚੇਅਰਮੈਨ ਮੰਡੀ ਬੋਰਡ ਆ ਗਿਆ। ਫਿਰ ਧੂੜਾਂ ਪੁੱਟਦੀਆਂ ਗੱਡੀਆਂ ਸ. ਸੁਖਦੇਵ ਸਿੰਘ ਢੀਂਡਸਾ, ਸ. ਪ੍ਰਕਾਸ ਸਿੰਘ ਬਾਦਲ ਆ ਗਏ ਤਾਂ ਬਾਹਰ ਮੰਜਿਆਂ ਤੇ ਬੈਠ ਕੇ ਗੱਲਾਂ ਹੁੰਦੀਆਂ ਰਹੀਆਂ। ਸੰਤ ਜੀ ਬਾਦਲ ਸਾਹਿਬ ਨੂੰ ਕਹਿਣ ਲੱਗੇ। ਮਨਿਸਟਰੀ ਤੁਹਾਡੀ ਆ ਜਾਣੀ ਹੈ। ਅਸੀਂ ਖਾਲੇ ਪੱਕੇ ਕਰਨ ਦਾ ਖਰਚਾ ਕਿਸਾਨਾਂ ਤੋਂ ਵਸੂਲ ਨਹੀਂ ਕਰਨ ਦੇਣਾ, ਸਰਕਾਰ ਖੁਦ ਖਰਚ ਕਰੇ। ਅਜਿਹਾ ਨਾ ਹੋਵੇ ਕਿ ਸਾਨੂੰ ਆਪਣੀ ਸਰਕਾਰ ਦੇ ਖਿਲਾਫ ਮੋਰਚਾ ਲਗਾਉਣਾ ਪੈ ਜਾਵੇ। ਲੌਂਗੋਵਾਲ ਨਗਰ ਦਾ ਬਹੁਤ ਵੱਡਾ ਇਤਿਹਾਸ ਹੈ। ਇਥੋਂ ਦੇ ੫੨ ਸ਼ਹੀਦ ਹੋਏ ਹਨ। ਜਿੰਨਾਂ ਵਿਚ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਤੇ ਭਾਈ ਮਨੀ ਸਿੰਘ ਹੋਏ ਹਨ। ਅੰਦਰਲੇ ਗੁਰਦੁਆਰੇ ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿਚ ਹਰ ਸਾਲ ਜਨਵਰੀ ਵਿਚ ਦੋ ਦਿਨ ਭਾਰੀ ਜੋੜ ਮੇਲਾ ਲੱਗਦਾ ਹੈ। ਸਮੁੱਚੇ ਪੰਥ ਦੇ ਰਾਗੀ ਢਾਡੀ, ਕਥਾ ਵਾਚਕ, ਉੱਚ ਕੋਟੀ ਦੇ ਬੁਲਾਰੇ ਦੇਸ਼ ਭਰ ਵਿਚੋਂ ਪਹੁੰਚਦੇ ਹਨ। ਇਸ ਜੋੜ ਮੇਲੇ ਤੇ ਨਾਮਧਾਰੀ ਕਵੀਸ਼ਰ ਸੰਤ ਜੀਵਨ ਸਿੰਘ ਦਾ ਜੱਥਾ ਵੀ ਸੱਦਾ ਭੇਜ ਕੇ ਬੁਲਾਇਆ ਜਾਂਦਾ ਸੀ। ਇਕ ਜੋੜ ਮੇਲੇ ਵਿਚ ਮੈਂ ਵੀ ਹਾਜ਼ਰ ਸਾਂ। ਮੈਨੂੰ ਫ਼ਿਕਰ ਸੀ ਕਿ ਇੱਥੇ ਬੜੇ-ਬੜੇ ਰਾਗੀ ਢਾਡੀ ਸਾਜਾਂ ਨਾਲ ਕੀਰਤਨ ਕਰਦੇ ਹਨ ਕਿਤੇ ਸਾਡਾ ਕਵੀਸ਼ਰੀ ਜੱਥਾ ਇਨ੍ਹਾਂ ਨਾਲੋਂ ਘੱਟ ਨਾ ਰਹਿ ਜਾਵੇ। ਪਰ ਸੰਤ ਜੀਵਨ ਸਿੰਘ ਦੇ ਜੱਥੇ ਤੇ ਕਿਰਪਾ ਸੀ, ਬੜਾ ਵਧੀਆ ਰੰਗ ਬੰਨਿਆ। ਸੰਤਾਂ ਨੇ ਖੁਸ਼ ਹੋ ਕੇ ਇਸ ਜੱਥੇ ਨੂੰ ਦੂਜਾ ਵਕਤ ਦੇ ਦਿੱਤਾ। ਇਸ ਜੋੜ ਮੇਲੇ ਵਿਚ ਇਕ ਗੱਲ ਸਾਹਮਣੇ ਆਈ ਕਿ ਸੰਤ ਜੀ ਨਾ ਕਿਸੇ ਨੂੰ ਲੈਣ ਜਾਂਦੇ ਤੇ ਨਾ ਕਿਸੇ ਨੂੰ ਵਿਦਾ ਕਰਨ ਜਾਂਦੇ। ਚਾਹੇ ਕੋਈ ਮੁੱਖ ਮੰਤਰੀ ਹੋਵੇ ਜਾਂ ਕੋਈ ਐਸ. ਜੀ. ਪੀ. ਸੀ. ਦਾ ਪ੍ਰਧਾਨ ਹੋਵੇ ਜਾਂ ਹੋਰ ਕੋਈ ਵੱਡਾ ਲੀਡਰ ਹੋਵੇ। "ਜੋ ਜੀਅ ਆਵੇ ਸੋ ਰਾਜੀ ਜਾਵੇ" ਵਾਲੀ ਗੱਲ ਦੇਖਣ ਨੂੰ ਮਿਲੀ।

ਸਾਲ ੧੯੮੧ ਦੇ ਸ਼ੁਰੂ ਵਿਚ ਮੈਂ ਅਤੇ ਮੇਰੇ ਪੂਰਨ ਗੁਰਸਿੱਖ ਮਿੱਤਰ ਸ. ਗੁਰਬਖਸ਼ ਸਿੰਘ ਐਸ. ਡੀ. ਓ. ਪੰਜਾਬ ਰਾਜ ਬਿਜਲੀ ਬੋਰਡ ਸੰਤ ਜੀ ਨੂੰ ਮਿਲਣ ਲਈ ਲੌਂਗੋਵਾਲ ਗਏ ਪਤਾ ਲੱਗਾ ਕਿ ਸੰਤ ਜੀ ਪਿੰਡ ਵਿਚ ਕਿਸੇ ਕਮੇਟੀ ਮੈਂਬਰ ਦੀ ਲੜਕੀ ਦੇ ਅਨੰਦ ਕਾਰਜਾਂ ਤੇ ਗਏ ਹੋਏ ਹਨ। ਅਸੀਂ ਪਤਾ ਕਰਕੇ ਪਿੰਡ ਵਿਚ ਹੀ ਪਹੁੰਚ ਗਏ ਸੰਤ ਜੀ ਨਾਲ ਰਸਤੇ ਵਿਚ ਹੀ ਮੇਲ ਹੋ ਗਿਆ। ਸੰਤ ਜੀ ਇਸ਼ਾਰਾ ਕੀਤਾ ਕਿ ਗੱਡੀ ਨਾਲ ਹੀ ਪਿੱਛੇ ਲਾ ਲਉ, ਲੌਂਗੋਵਾਲ ਦੀਆਂ ਗਲੀਆਂ ਕਾਫ਼ੀ ਭੀੜੀਆਂ ਹਨ। ਰਸਤੇ ਵਿਚ ਸੰਤ ਜੀ ਨੰਬਰਦਾਰ ਬਲਵੰਤ ਸਿੰਘ ਦੇ ਘਰੇ ਜਾਣ ਲਈ ਰੁਕੇ ਨਾਲ ਸੰਗਤ ਸੀ ਅਸੀਂ ਕੁਝ ਪਿੱਛੇ ਰਹਿ ਗਏ ਸੰਤ ਜੀ ਨੰਬਰਦਾਰ ਜੀ ਦੇ ਦਰਵਾਜ਼ੇ ਵਿਚ ਜੋ ਮਾਲਵੇ ਦੇ ਰਿਵਾਜ ਵਾਲਾ ਲੱਕੜ ਦਾ ਸੀ ਖੜ੍ਹੇ ਗਏ, ਨਾਲ ਵਾਲਿਆਂ ਕਿਹਾ ਕਿ ਅੱਗੇ ਲੰਘ ਚਲੋ ਜੀ ਤਾਂ ਸੰਤ ਜੀ ਪਿਛਾ ਵੇਖਦੇ ਹੋਏ ਕਹਿਣ ਲੱਗੇ ਸਾਡੇ ਸੰਤਾਂ ਨੂੰ ਆ ਲੈਣ ਦਿਓ ਸਾਰੇ ਹੈਰਾਨ ਸਨ ਕਿ ਸੰਤ ਜੀ ਤਾਂ ਆਪ ਹਨ ਹੋਰ ਕਿਹੜਾ ਸੰਤ ਆ ਗਿਆ, ਇੰਨੇ ਨੂੰ ਮੈਂ ਤੇ ਸ. ਗੁਰਬਖਸ਼ ਸਿੰਘ ਐਸ. ਡੀ. ਓ. ਸਾਹਿਬ ਆ ਗਏ ਸਾਨੂੰ ਨਾਲ ਲੈ ਕੇ ਸੰਤ ਜੀ ਨੰਬਰਦਾਰ ਜੀ ਦੇ ਘਰੇ ਮੰਜੇ ਤੇ ਬੈਠੇ ਕੇ ਦੁੱਧ ਛਕਿਆ ਨਾਲ ਸਾਨੂੰ ਵੀ ਛਕਾਇਆ। ਇਹ ਮਹਾਂਪੁਰਸ਼ਾਂ ਦੀ ਮਹਾਨਤਾ ਸੀ ਜਿੰਨਾਂ ਨੂੰ ਅਹੁਦਿਆਂ ਨਾਲ ਨਹੀਂ ਸਿੱਖੀ ਨਾਲ ਪਿਆਰ ਸੀ।

ਜਦੋਂ ਕੇਂਦਰ ਦੀ ਸਰਕਾਰ ਵਲੋਂ ਦੇਸ਼ ਭਰ ਵਿਚ ਐਮਰਜੈਂਸੀ ਲਗਾ ਦਿੱਤੀ ਗਈ...ਪ੍ਰੈਸ ਦਾ ਗਲਾ ਘੁੱਟ ਦਿੱਤਾ ਗਿਆ, ਕੋਈ ਬੋਲ ਨਹੀਂ ਸੀ ਸਕਦਾ। ਕਿਸੇ ਨੂੰ ਚੁੱਕ ਕੇ ਜੇਲ੍ਹਾਂ ਵਿਚ ਡੱਕ ਦੇਣ, ੬ ਮਹੀਨੇ ਤੱਕ ਕੋਈ ਪੁੱਛ ਨਹੀਂ ਸੀ ਸਕਦਾ। ਭਾਰਤ ਦੇ ਉੱਘੇ ਪੱਤਰਕਾਰ ਸ੍ਰੀ ਕੁਲਦੀਪ ਨਈਅਰ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਰਾਮ ਜੇਠ ਮਲਾਨੀ ਸੰਤ ਲੌਂਗੋਵਾਲ ਜੀ ਨੂੰ ਵਿਸ਼ੇਸ਼ ਤੌਰ ਤੇ ਮਿਲਣ ਲਈ ਆਏ ਤਾਂ ਸੰਗਰੂਰ ਜ਼ਿਲ੍ਹੇ ਦੇ ਕਸਬਾ ਧਨੌਲਾ ਦੇ ਗੁਰਦੁਆਰੇ ਜਿੱਥੋਂ ਦਾ ਮੁੱਖ ਸੇਵਾਦਾਰ ਭਰਪੂਰ ਸਿੰਘ ਧਨੌਲਾ ਸੰਤਾਂ ਦੇ ਨਿਕਟਵਰਤੀ ਕੁਰਬਾਨੀ ਵਾਲੇ ਸਿੰਘ ਸਨ, ਦੀ ਹਾਜ਼ਰੀ ਵਿਚ ਲੰਮੀ ਵਿਸਥਾਰਤ ਇੰਟਰਵਿਊ ਲਈ ਗਈ। ਇਸ ਪ੍ਰੈਸ ਮਿਲਣੀ ਤੋਂ ਸੰਤਾਂ ਦਾ ਸੈਕੂਲਰ ਚਿਹਰਾ ਹੋਰ ਨਿਖਰ ਕੇ ਸਾਹਮਣੇ ਆਇਆ। ਸ੍ਰੀ ਨਈਅਰ ਅਤੇ ਜੇਠ ਮਲਾਨੀ ਜੀ ਸੰਤਾਂ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਐਮਰਜੈਂਸੀ ਦਾ ਮੋਰਚਾ ਲੱਗਿਆ। ਸੰਤ ਜੀ ਵਲੋਂ ਉਸ ਦੀ ਅਗਵਾਈ ਕੀਤੀ ਗਈ। ਸਾਰੇ ਮੁਲਕ ਦੀ ਆਪੋਜ਼ੀਸ਼ਨ ਦੀਆਂ ਨਜ਼ਰਾਂ ਲੱਗੀਆਂ ਸਨ ਕਿ ਇਸ ਘੋਲ ਵਿਚ ਕਿਸ ਤਰ੍ਹਾਂ ਨਿਤਰਦੇ ਹਨ, ਪਰ ਸੰਤ ਜੀ ਇਸ ਘੋਲ ਵਿਚੋਂ ਪੂਰੇ ਕਾਮਯਾਬ ਹੋ ਕੇ ਮੋਰਚਾ ਜਿੱਤਿਆ।

ਉਸ ਸਮੇਂ ਜਥੇਦਾਰ ਮੋਹਨ ਸਿੰਘ ਤੁੜ ਅਕਾਲੀ ਦਲ ਦੇ ਪ੍ਰਧਾਨ ਸਨ। ਜਦੋਂ ਉਹ ਜੇਲ੍ਹ ਚਲੇ ਗਏ ਤਾਂ ਪ੍ਰਧਾਨਗੀ ਸੰਤ ਜੀ ਨੂੰ ਦਿੱਤੀ ਗਈ। ਜਦੋਂ ਹੀ ਜਥੇਦਾਰ ਤੁੜ ਬਾਹਰ ਆਏ ਤਾਂ ਬਿਨਾਂ ਕਿਸੇ ਦੇਰੀ ਤੋਂ ਪ੍ਰਧਾਨਗੀ ਜਥੇਦਾਰ ਤੁੜ ਜੀ ਨੂੰ ਵਾਪਸ ਸੰਭਾਲ ਦਿੱਤੀ। ਇਸ ਮੋਰਚੇ ਦੌਰਾਨ ਮੈਨੂੰ ਅੰਮ੍ਰਿਤਸਰ ਸੰਤਾਂ ਕੋਲ ਜਾਣ ਦਾ ਸਮਾਂ ਮਿਲਿਆ। ਸ. ਜਗਦੇਵ ਸਿੰਘ ਲਾਂਗੜੀਆਂ ਅਤੇ ਸ. ਗੁਰਜੰਟ ਸਿੰਘ ਸਿੱਧੂ ਸੰਗਰੂਰ ਨਾਲ ਸਨ। ਸੰਤ ਜੀ ਕੋਲ ਮਿਲਣ ਵਾਲਿਆਂ ਦੀ ਕਾਫ਼ੀ ਭੀੜ ਰਹਿੰਦੀ ਸੀ। ਵਿਦੇਸ਼ੀ ਪ੍ਰੈਸ ਵਲੋਂ ਸੰਤ ਜੀ ਨਾਲ ਗੱਲਬਾਤ ਕਰਨ ਲਈ ਪਹੁੰਚ ਕੀਤੀ ਜਾਂਦੀ ਸੀ। ਅਸੀਂ ਲਗਾਤਾਰ ਜ਼ਿਆਦਾ ਸਮਾਂ ਸੰਤ ਜੀ ਪਾਸ ਬੈਠਣ ਦੀ ਕੋਸ਼ਿਸ਼ ਕਰਦੇ। ਸੰਤ ਜੀ ਕਈ ਵਾਰ ਪ੍ਰੈਸ ਵਿਚ ਦਿੱਤੇ ਬਿਆਨਾਂ ਦੇ ਲੋਕ ਪ੍ਰਤੀ ਕਰਮ ਜਾਨਣ ਲਈ ਵੀ ਸਾਡੇ ਨਾਲ ਗੱਲਬਾਤ ਸਾਂਝੀ ਕਰਦੇ। ਰਾਤ ਨੂੰ ਸਾਨੂੰ ਅਕਾਲ ਗੈਸਟ ਹਾਊਸ ਵਿਚ ਠਹਿਰਾਇਆ ਗਿਆ।

ਸੰਤ ਜੀ ਦਾ ਪਾਰਟੀ ਪਾਲੀਟਿਕਸ ਤੋਂ ਉੱਚਾ ਹੋ ਕੇ ਸੰਤ ਰੂਪ ਵੀ ਦੇਖਣ ਨੂੰ ਮਿਲਿਆ। ਜਦੋਂ ਧਨੌਲਾ ਅਸੈਂਬਲੀ ਤੋਂ ਸ. ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਨ ਤੇ ਬੀਬੀ ਰਜਿੰਦਰ ਕੌਰ ਭੱਠਲ ਕਾਂਗਰਸ ਦੇ ਉਮੀਦਵਾਰ ਸਨ। ਬੀਬੀ ਭੱਠਲ ਨੇ ਸੰਤਾਂ ਤੋਂ ਜਿੱਤ ਲਈ ਅਸ਼ੀਰਵਾਦ ਮੰਗੀ ਤਾਂ ਸੰਤਾਂ ਨੇ ਖਿੜੇ ਮੱਥੇ ਅਸ਼ੀਰਵਾਦ ਦੇ ਦਿੱਤਾ। ਜਦੋਂ ਸ. ਢੀਂਡਸਾ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਸੰਤਾਂ ਜੀ ਨੂੰ ਕਿਹਾ ਕਿ ਉਹ ਤਾਂ ਆਪਣੀ ਵਿਰੋਧੀ ਪਾਰਟੀ ਦੇ ਉਮੀਦਵਾਰ ਹਨ, ਤੁਸੀਂ ਉਸਨੂੰ ਅਸ਼ੀਰਵਾਦ ਦੇ ਦਿੱਤਾ ਹੈ। ਤਾਂ ਸੰਤ ਜੀ ਨੇ ਕਿਹਾ ਕਿ ਉਹ ਦੇਸ਼ ਭਗਤ ਅਜ਼ਾਦੀ ਘੁਲਾਟੀਏ ਬਾਬਾ ਹੀਰਾ ਸਿੰਘ ਭੱਠਲ ਦੀ ਸਪੁੱਤਰੀ ਹੈ, ਉਸਨੂੰ ਅਸ਼ੀਰਵਾਦ ਦੇਣਾ ਤਾਂ ਬਣਦਾ ਹੀ ਸੀ। ਉਸ ਵਿਚ ਜਿੱਤ ਬੀਬੀ ਭੱਠਲ ਦੀ ਹੋਈ।

ਜਦੋਂ ਸੰਤ ਜੀ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸਨ ਤੇ ਬੜੀ ਕਾਮਯਾਬੀ ਨਾਲ ਮੋਰਚਾ ਚਲਾਇਆ। ਇਕ ਲੱਖ ਨੌਜਵਾਨ ਮਰਜੀਵੜਿਆਂ ਦੀ ਫੌਜ ਹਰ ਕੁਰਬਾਨੀ ਲਈ ਤਿਆਰ ਸੀ। ਜਿੰਨਾਂ ਵਲੋਂ ਸਰਦਾਰੇ ਆਜ਼ਮ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਹੁਕਮਾਂ ਦੀ ਉਡੀਕ ਰਹਿੰਦੀ ਸੀ। ਸੰਤ ਜੀ ਨੇ ਬੜੀ ਸੂਝ ਬੂਝ ਨਾਲ ਮੋਰਚਾ ਚਲਾਇਆ। ਸਾਰੇ ਹਿੰਦੋਸਤਾਨ ਦੀਆਂ ਨਜ਼ਰਾਂ ਸੰਤ ਜੀ ਵਲ ਲੱਗੀਆਂ ਸਨ। ਪਰ ਸੰਤਾਂ ਨੇ ਪੁਰ ਅਮਨ, ਪੂਰੀ ਸ਼ਾਨ ਨਾਲ ਮੋਰਚਾ ਫਤੇ ਕੀਤਾ।

ਅੰਮ੍ਰਿਤਸਰ ਵਿਚ ਕੁਝ ਖੁਦਗਰਜ਼ ਅਤੇ ਚੌਧਰ ਦੇ ਭੁੱਖੇ ਸਿੱਖ ਲੀਡਰਾਂ ਨੇ ਤੰਗ ਦਿਲੀ ਦਿਖਾਈ ਤਾਂ ਸੰਤ ਜੀ ਸਾਰਾ ਕੁਝ ਤਿਆਗ ਕੇ ਕੈਂਮਬੋਂਵਾਲ ਗੁਰਦੁਆਰੇ ਆ ਕੇ ਬੈਠ ਗਏ। ਉਥੇ ਜਦੋਂ ਮੈਂ ਦਰਸ਼ਨ ਕਰਨ ਗਿਆ ਤਾਂ ਰਾਤ ਕਾਫੀ ਦੇਰ ਤਕ ਬੈਠੇ ਰਹੇ। ਸੰਤ ਜੀ ਹੱਸਦੇ-ਹੱਸਦੇ ਕਹਿਣ ਲੱਗੇ, ਅਸੀਂ ਤਾਂ ਨਾਮਧਾਰੀ ਸਿੰਘਾਂ ਨਾਲ ਰਲ ਜਾਂਦੇ ਹਾਂ, ਇਹਨਾਂ ਵਾਂਗ ਲੰਮੀਆਂ ਧਾਰਨਾਵਾਂ ਲਗਾ ਕੇ ਕੀਰਤਨ ਕਰਨਾ ਤਾਂ ਆਉਂਦਾ ਹੈ, ਇਕੱਠੇ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕਰਿਆ ਕਰਾਂਗੇ...। ਕੌਮ ਲਈ ਸਾਰਾ ਕੁਝ ਕੀਤਾ ਹੈ, ਪਰ ਜੇ ਕੁਝ ਖੁਦਗਰਜ਼ ਲੋਕ ਨਹੀਂ ਚਾਹੁੰਦੇ ਤਾਂ ਅਸੀਂ ਕੀ ਲੈਣਾ ਹੈ ਇਸ ਝੰਜਟ ਤੋਂ। ਇਸ ਸਮੇਂ ਸਰਦਾਰਾ ਸਿੰਘ ਕੋਹਲੀ ਸਾਬਕਾ ਮੰਤਰੀ ਤੋਂ ਇਲਾਵਾ ਕੁਝ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ। ਪਰ ਮੈਂ ਸੰਤ ਜੀ ਨੂੰ ਕਿਹਾ ਕਿ ਆਪ ਸਮੁੱਚੀ ਕੌਮ ਦੇ ਲੀਡਰ ਹੋ। ਆਪ ਨੂੰ ਇੱਥੇ ਕਿਸੇ ਨੇ ਨਹੀਂ ਬੈਠਣ ਦੇਣਾ, ਆਪ ਨੇ ਸਿੱਖ ਕੌਮ ਦੀ ਅਗਵਾਈ ਕਰਨੀ ਹੈ। ਦੂਸਰੇ ਦਿਨ ਸਰਦਾਰਾ ਸਿੰਘ ਕੋਹਲੀ ਅੜ ਕੇ ਖਲੋ ਗਿਆ। ਸੰਤ ਜੀ ਜਾਂ ਪੰਥ ਦੀ ਵਾਂਗਡੋਰ ਸੰਭਾਲੋ ਜਾਂ ਮੈਨੂੰ ਗੋਲੀ ਮਾਰ ਦਿਉ। ਪਰ ਸੰਤ ਜੀ ਨੇ ਇਨਕਾਰ ਕਰ ਦਿੱਤਾ। ਫਿਰ ਕੋਹਲੀ ਸਮੇਤ ਪੰਜ ਸਿੰਘਾਂ ਨੇ ਪੰਥ ਦੇ ਰੂਪ ਵਿਚ ਹੁਕਮ ਕੀਤਾ ਕਿ ਆਪ ਪੰਥ ਦੀ ਵਾਂਗਡੋਰ ਸੰਭਾਲੋ। ਤਾਂ ਫਿਰ ਸੰਤ ਜੀ ਨੂੰ ਸਿਰ ਝੁਕਾਉਣਾ ਪਿਆ। ਜਦੋਂ ੧੯੮੪ ਵਿਚ ਦੰਗੇ ਹੋਏ ਸਨ ਤਾਂ ਸੰਤ ਜੀ ਨੇ ਮੈਨੂੰ ਕਿਹਾ ਸੀ ਕਿ ਹੁਣ ਤਾਂ ਸਾਰਿਆਂ ਨੂੰ ਇਕੱਠਿਆਂ ਹੋ ਜਾਣਾ ਚਾਹੀਦਾ ਹੈ। ਸ਼ਰਾਰਤੀ ਅਨਸਰਾਂ ਨੇ ਕਿਸੇ ਨੂੰ ਨਹੀਂ ਬਖਸ਼ਿਆ। ਨਾ ਨੀਲੀ ਕਾਲੀ ਵਾਲੇ ਨੂੰ ਨਾ ਚਿੱਟੀ ਪੱਗ ਵਾਲੇ ਨੂੰ। ਸੰਤ ਜੀ ਨੇ ਕਈ ਵਾਰ ਕਿਹਾ ਕਿ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਜਾਣਾ ਹੈ। ਮੈਂ ਕਿਹਾ ਕਿ ਸਤਿਗੁਰੂ ਜੀ ਕੋਲ ਅਰਜ ਕਰਕੇ ਸਮਾਂ ਲੈ ਲੈਂਦੇ ਹਾਂ ਤਾਂ ਸੰਤ ਜੀ ਨੇ ਕਿਹਾ ਕਿ ਫਿਰ ਤਾਂ ਅਸੀਂ ਵੱਡੇ ਹੋ ਗਏ, ਆਪਾਂ ਤਾਂ ਨਿਮਾਣੇ ਬਣ ਕੇ ਜਾਣਾ ਹੈ। ਪਰ ਅਜਿਹਾ ਸੁਭਾਗਾ ਸਮਾਂ ਬਣ ਨਾ ਸਕਿਆ। ਇਕ ਦਿਨ ਰਾਤ ਦੇ ੧੧-੦੦ ਵਜੇ ਸਨ, ਸੰਤ ਜੀ ਕੈਂਮਬੋਂਵਾਲ ਵਿਖੇ ਇਸ਼ਨਾਨ ਕਰਕੇ ਪ੍ਰਸ਼ਾਦਾ ਛੱਕ ਰਹੇ ਸਨ। ਮਿਲਣ ਵਾਲੇ ਲੀਡਰ ਦੋ-ਦੋ ਮਿੰਟ ਦਾ ਸਮਾਂ ਮੰਗ ਰਹੇ ਸਨ। ਸੰਤਾਂ ਦੇ ਡਰਾਇਵਰ ਮਹਿੰਦਰ ਸਿੰਘ ਦੁੱਲਟ ਨੇ ਦੱਸਿਆ ਕਿ ਰਾਜਸਥਾਨ ਜੈਸਲਮੇਰ ਤੋਂ ਆ ਰਹੇ ਹਾਂ, ਉਥੇ ਜੈਨ ਮੱਤ ਵਾਲਿਆਂ ਵਲੋਂ ਲੱਖਾਂ ਦੇ ਇਕੱਠ ਵਿਚ ਸਿਰੋਂ ਪਾਉ ਭੇਟ ਕੀਤਾ ਗਿਆ ਤੇ ਜੈਨ ਸਮਾਜ ਵਲੋਂ ਕਿਹਾ ਗਿਆ ਕਿ ਆਪ ਇਕੱਲੇ ਸਿੱਖਾਂ ਦੇ

ਲੀਡਰ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਲੀਡਰ ਹੋ। ਅਸੀਂ ਤੁਹਾਨੂੰ ਆਪਣਾ ਨੇਤਾ ਮੰਨਦੇ ਹਾਂ। ਰਾਤ ੧੨-੦੦ ਵਜੇ ਫਿਰ ਰਵਾਨਾ ਹੋ ਪਏ, ਕਿਉਂ ਕਿ ਸਵੇਰੇ ਰਿਸ਼ੀਕੇਸ਼ ਜਾ ਕੇ ਐਡਰੈਸ ਕਰਨਾ ਸੀ। ਸੰਤ ਜੀ ਦਾ ਦਿਨ ਰਾਤ ਸੰਗਤਾਂ ਦੇ ਲੇਖੇ ਵਿਚ ਸੀ।

ਦਰਬਾਰ ਸਾਹਿਬ ਸ੍ਰੀ ਹਰਮੰਦਰ ਸਾਹਿਬ ਵਿਖੇ ਅਟੈਕ ਹੋਇਆ ਤਾਂ ਸਿੱਖ ਲੀਡਰ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਸਾਰੇ ਪੰਜਾਬ ਵਿਚ ਕਈ ਦਿਨ ਕਰਫਿਊ ਲੱਗਿਆ ਰਿਹਾ। ਸੰਤ ਜੀ ਜੋਧਪੁਰ ਜੇਲ੍ਹ ਤੋਂ ਕਾਫੀ ਲੰਬੇ ਅਰਸੇ ਤੋਂ ਬਾਅਦ ਜਦੋਂ ਰਿਹਾਅ ਹੋ ਕੇ ਆਏ, ਦਿੱਲੀ ਵਿਖੇ ਜੋ ਸਿੱਖਾਂ ਦਾ ਗੈਰ ਮਨੁੱਖੀ ਤਸੀਹੇ ਦੇ ਕੇ ਕਤਲੇਆਮ ਕੀਤਾ ਗਿਆ, ਲੋਕਾਂ ਨੇ ਸੰਤਾਂ ਦੇ ਗਲ ਲਗ-ਲਗ ਕੇ, ਰੋ-ਰੋ ਕੇ ਸੰਤਾਂ ਨੂੰ ਦਾਸਤਾਨਾਂ ਦੱਸੀਆਂ। ਬੜਾ ਦਰਦ ਭਰਿਆ ਗਮਗੀਨ ਮਾਹੌਲ ਸੀ। ਸਿੱਖ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਨੂੰ ਦੇਸ਼ ਦੇ ਰਖਵਾਲੇ ਕਿਹਾ ਜਾਂਦਾ ਸੀ, ਆਪਣੇ ਦੇਸ਼ ਵਿਚ ਹੀ ਆਪਣੇ ਆਪ ਨੂੰ ਅਸਰੁੱਖਿਅਤ ਸਮਝਣ ਲੱਗ ਪਏ ਸਨ। ਇਕ ਸੰਤ ਲੌਂਗੋਵਾਲ ਦੀ ਹੀ ਸ਼ਖਸੀਅਤ ਸੀ ਜਿਸ ਨੂੰ ਉਹ ਆਪਣਾ ਵੱਡਾ ਸਮਝ ਕੇ ਹਾਵ ਭਾਵ ਸਾਂਝੇ ਕਰਕੇ ਆਪਣਾ ਦੁੱਖ-ਸੁੱਖ ਸਾਂਝਾ ਕਰ ਰਹੇ ਸਨ। ਸ. ਪਰਮਜੀਤ ਸਿੰਘ ਸਰਨਾ ਸੰਤਾਂ ਦੇ ਬਹੁਤ ਪਿਆਰ ਵਾਲੇ ਅਤੇ ਸ਼ਰਧਾਲੂ ਸੱਜਨ ਸਨ। ਦਿੱਲੀ ਵਿਖੇ ਨਹਿਰੂ ਯੂਨੀਵਰਸਿਟੀ ਵਿਚ ਦੇਰ ਰਾਤ ਤੱਕ ਚਲੀ ਕਾਨਫਰੰਸ ਵਿਚ ਸੰਤ ਜੀ ਵੱਧ ਅਧਿਕਾਰਾਂ ਬਾਰੇ ਦਲੀਲਾਂ ਸਹਿਤ ਅਮਰੀਕਾ ਦੀਆਂ ੫੨ ਸਟੇਟਾਂ ਦੀ ਮਿਸਾਲ ਦਿੱਤੀ, ਇਥੋਂ ਤੱਕ ਕਿ ਉਹਨਾਂ ਸਟੇਟਾਂ ਦੇ ਝੰਡੇ ਅਲੱਗ-ਅਲੱਗ ਹਨ, ਸੰਤਾਂ ਨੇ ਸਪੱਸ਼ਟ ਕੀਤਾ ਕਿ ਅਸੀਂ ਖਾਲਿਸਤਾਨ ਅਲੱਗ ਸਟੇਟ ਨਹੀਂ ਮੰਗਦੇ। ਜਦੋਂ ਸੰਤ ਜੀ ਅਮਰੀਕਾ ਗਏ ਸਨ ਤਾਂ ਉਨਾਂ ਨੂੰ ਉਥੋਂ ਦੀ ਸਰਕਾਰ ਵਲੋਂ ੫੨ ਸਟੇਟਾਂ ਦੀ ਝੰਡਿਆਂ ਵਾਲੀ ਕਈ ਧਾਤਾਂ ਦੀ ਬਣੀ ਹੋਈ ਗੋਲ ਸੁਨਹਿਰੀ ਸ਼ੀਲਡ ਦਿੱਤੀ ਜੋ ਸੰਤ ਜੀ ਨੇ ਮੈਨੂੰ ਦਿਖਾਈ ਜੋ ਅੱਜ ਵੀ ਕੈਥੋਵਾਲ ਵਿਖੇ ਮੌਜੂਦ ਹੈ। ਸੰਤਾਂ ਦੱਸਿਆ ਕਿ ਅਸੀਂ ਚਾਹੁੰਦੇ ਹਾਂ ਕਿ ਕੇਂਦਰ ਆਪਣੇ ਪਾਸ ਵਿੱਤ ਵਿਭਾਗ, ਡਿਫੈਂਸ ਵਿਭਾਗ, ਵਿਦੇਸ਼ ਵਿਭਾਗ ਅਤੇ ਡਾਕ-ਤਾਰ ਸੰਚਾਰ ਵਿਭਾਗ ਰੱਖੇ। ਬਾਕੀ ਸ਼ਕਤੀਆਂ ਦੇ ਸਟੇਟਾਂ ਨੂੰ ਅਧਿਕਾਰ ਦਿੱਤੇ ਜਾਣ ਤਾਂ ਕਿ ਸਟੇਟਾਂ ਵੱਧ ਫੁੱਲ ਸਕਣ। ਯੂਨੀਵਰਸਿਟੀ ਦੇ ਬੁੱਧੀਜੀਵੀਆਂ ਵਲੋਂ ਕਈ ਸਵਾਲ ਪੁੱਛੇ ਗਏ। ਸੰਤਾਂ ਨੇ ਸੂਝ ਬੂਝ ਨਾਲ ਉਹਨਾਂ ਦੇ ਜਵਾਬ ਦਿੱਤੇ। ਉਹਨਾਂ ਦੀ ਪੂਰੀ ਤਸੱਲੀ ਕਰਵਾਈ ਜੋ ਸੰਤਾਂ ਦੀਆਂ ਦਲੀਲਾਂ ਤੋਂ ਬਹੁਤ ਕਾਇਲ ਹੋਏ। ਇਕ ਮਹੱਤਵਪੂਰਨ ਸਵਾਲ ਦੇ ਜਵਾਬ ਵਿਚ ਸੰਤਾਂ ਕਿਹਾ ਕਿ ਅਸੀਂ ਹਿੰਦੋਸਤਾਨ ਤੋਂ ਵੱਖ ਨਹੀਂ ਹੋਣਾ ਚਾਹੁੰਦੇ। ਪਰ ਜੇ ਹਕੂਮਤ ਧੱਕੇ ਨਾਲ ਖਾਲਿਸਤਾਨ ਸਾਡੀ ਝੋਲੀ ਵਿਚ ਪਾਵੇਗੀ ਤਾਂ ਅਸੀਂ ਝੋਲੀ ਕਰਕੇ ਪਵਾ ਲਵਾਂਗੇ। ਜਦੋਂ ਦਿੱਲੀ ਤੋਂ ਲੌਂਗੋਵਾਲ ਲਈ ਚੱਲੇ ਤਾਂ ਰਸਤੇ ਵਿਚ ਹਰਿਆਣਾ-ਪੰਜਾਬ ਦੇ ਲੋਕਾਂ ਵਲੋਂ ਥਾਂ-ਥਾਂ ਤੇ ਸੰਤਾਂ ਜੀ ਦਾ ਇਨਾ ਸਤਿਕਾਰ ਕੀਤਾ ਕਿ ਚਲਣਾ ਮੁਸ਼ਕਿਲ ਹੋ ਗਿਆ। ਜਦੋਂ ਕਿ ਵਿਰੋਧੀ ਪ੍ਰਚਾਰ ਕਰਦੇ ਸਨ ਕਿ ਸੰਤਾਂ ਨੂੰ ਵੱਟੇ ਵੱਜਣਗੇ। ਪਰ ਸੰਤਾਂ ਨੂੰ ਥਾਂ-ਥਾਂ ਤੇ ਹਾਰ ਪਾ-ਪਾ ਕੇ ਸਰੋਪਾ ਦੇ-ਦੇ ਕੇ ਸਨਮਾਨਿਤ ਕੀਤਾ ਗਿਆ। ਰਸਤੇ ਵਿਚ ਸੰਗਤਾਂ ਦੇ ਅਥਾਹ ਪਿਆਰ ਤੇ ਸ਼ੁਭ ਇਛਾਵਾਂ ਨੂੰ ਕਬੂਲਦਿਆਂ ਲੌਂਗੋਵਾਲ ਪਹੁੰਚਦਿਆਂ ਦੋ ਦਿਨ ਲੱਗ ਗਏ। ਜੋਧਪੁਰ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਪਹਿਲੀ ਵਾਰ ਸੰਤ ਜੀ ਲੌਂਗੋਵਾਲ ਪਹੁੰਚੇ। ਜਿੱਥੇ ਅੰਦਰਲੇ ਗੁਰਦੁਆਰੇ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਜਿਉਂ-ਜਿਉਂ ਸੰਤਾਂ ਦੇ ਆਗਮਨ ਦਾ ਪਤਾ ਲੱਗਾ, ਲੋਕ ਸ਼ਰਧਾ, ਪਿਆਰ ਤੇ ਬੜੇ ਭਰੇ ਮਨ ਨਾਲ ਭਾਵੁਕ ਹੋਏ ਹਜ਼ਾਰਾਂ ਦੀ ਤਦਾਦ ਵਿਚ ਵਹੀਰਾਂ ਘੱਤ ਕੇ ਆ ਰਹੇ ਸਨ। ਮੈਂ ਤੇ ਸ. ਜਗਦੇਵ ਸਿੰਘ ਲਾਂਗੜੀਆਂ ਸੰਤਾਂ ਦੇ ਦਰਸ਼ਨਾਂ ਲਈ ਪਹੁੰਚੇ ਤਾਂ ਸੰਤਾਂ ਨੇ ਇਸ਼ਾਰਾ ਕਰਕੇ ਕੋਲ ਬਿਠਾ ਲਿਆ। ਪਰ ਅਸੀਂ ਪਿਆਰ ਤੇ ਵੈਰਾਗ ਦੇ ਹੰਝੂ ਨਾ ਰੋਕ ਸਕੇ। ਅਖੀਰ ਵਿਚ ਜਦ ਸੰਤ ਜੀ ਸੰਗਤਾਂ ਦੇ ਪਿਆਰ ਤੇ ਵੈਰਾਗਮਈ ਅਪਣੱਤ ਦੇ ਪ੍ਰਭਾਵ ਹੇਠ ਬੋਲੇ ਤਾਂ ਸੰਗਤਾਂ ਵਿਚ ਬਹੁਤ ਭਾਰੀ ਉਤਸ਼ਾਹ ਭਰ ਗਿਆ। ਸੰਤਾਂ ਨੇ ਲੰਮੇ ਸੰਘਰਸ਼ ਦੀ ਵਿੱਥਿਆਂ ਬਿਆਨਦਿਆਂ ਮੋਰਚੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਤਾਂ ਵੈਰਾਗ ਦੇ ਵਿਚ ਸੰਤਾਂ ਦਾ ਗਲਾ ਭਰ ਆਇਆ। ਕੁਝ ਚਿਰ ਚੁੱਪ ਹੋ ਗਏ, ਬੋਲਿਆ ਨਾ ਗਿਆ। ਫਿਰ ਸੰਤਾਂ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਲੌਂਗੋਵਾਲ ਵਾਲਿਓ ਮੈਂ ਲੌਂਗੋਵਾਲ ਦਾ ਨਾਮ ਨੀਵਾਂ ਨਹੀਂ ਹੋਣ ਦਿਆਂਗਾ। ਪਹਿਲਾਂ ਲੌਂਗੋਵਾਲ ਦੇ ੫੨ ਸ਼ਹੀਦ ਹੋਏ ਹਨ, ੫੩ਵਾਂ ਸ਼ਹੀਦ ਮੈਂ ਹੋਵਾਂਗਾ। ਸੰਤ ਜੀ ਹਿੰਦੂ-ਸਿੱਖ ਏਕਤਾ ਦੇ ਮੁਦੱਈ ਸਨ, ਜਦੋਂ ਅੱਤਵਾਦ ਜ਼ੋਰਾਂ ਤੇ ਸੀ, ਉਸ ਸਮੇਂ ਵੀ ਸੰਤ ਜੀ ਕਹਿੰਦੇ ਸਨ ਕਿ ਸਾਡਾ ਤੇ ਹਿੰਦੂ ਭਰਾਵਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਪੰਡਤ ਵਿਦਿਆ ਦੇਵ ਸੰਤਾਂ ਦੇ ਨੇੜਲੇ ਸਾਥੀ ਸਨ। ਸੰਤ ਜੀ ਕਹਿੰਦੇ ਸਨ ਕਿ ਪਹਿਲੇ ਸਮਿਆਂ ਵਿਚ ਸਾਡੇ ਲੜਕੇ-ਲੜਕੀਆਂ ਦੇ ਰਿਸ਼ਤੇ ਹੀ ਸ਼ਾਹੂਕਾਰ ਕਰਿਆ ਕਰਦੇ ਸਨ। ਜਦੋਂ ਇਹ ਸਮਾਗਮ ਜੋ ਸੰਤਾਂ ਦੇ ਸ਼ੁਭ ਅਗਮਾਨ ਤੇ ਲੌਂਗੋਵਾਲ

ਵਿਖੇ ਅੰਦਰਲੇ ਗੁਰਦੁਆਰੇ ਕੀਤਾ ਗਿਆ ਸੀ ਸਮਾਪਤ ਹੋਇਆ ਤਾਂ ਸੰਤਾਂ ਦੇ ਨੇੜੇ ਦੇ ਲੀਡਰ, ਟਰਾਂਸਪੋਰਟਰ ਅਤੇ ਹੋਰ ਵੀ. ਆਈ. ਪੀ. ਸ਼ਖਸ਼ੀਅਤਾਂ ਸੰਤਾਂ ਨਾਲ ਹੀ ਕਮਰੇ ਵਿਚ ਚਲੇ ਗਏ, ਭੀੜ ਕਾਫ਼ੀ ਸੀ ਜਿੱਥੇ ਕਿਸੇ ਨੂੰ ਥਾਂ ਮਿਲੀ ਬੈਠ ਗਏ ਕਾਫ਼ੀ ਸੱਜਣ ਖੜੇ ਸਨ। ਮੰਜੇ ਤੇ ਚਿੱਟੀ ਚਾਦਰ ਵਿਛੀ ਸੀ ਸੰਤ ਜੀ ਮੰਜੇ ਤੇ ਇਕੱਲੇ ਬੈਠੇ ਸਨ ਮੈਂ ਸੰਗਤਾਂ ਵਿਚ ਖੜਾ ਸੀ ਸੰਤ ਜੀ ਇਸ਼ਾਰਾ ਕੀਤਾ ਕਿ ਮੰਜੇ ਤੇ ਬੈਠ ਜਾਉ ਪਰ ਮੈਂ ਹੱਥ ਜੋੜ ਦਿੱਤੇ ਕਿ ਮੈਂ ਆਪ ਦੇ ਬਰਾਬਰ ਨਹੀਂ ਬੈਠ ਸਕਦਾ, ਮੈਂ ਇਥੇ ਹੀ ਠੀਕ ਹਾਂ। ਸੰਤ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਤੈਨੂੰ ਮੇਰੇ ਤੋਂ ਬੋਅ ਆਉਂਦੀ ਹੈ ਇਹ ਕਹਿ ਕੇ ਨਾਲ ਮੰਜੇ ਤੇ ਬੈਠਾਅ ਲਿਆ। ਇਹ ਸੰਤਾਂ ਦੀ ਮਹਾਨਤਾ ਸੀ ਕਿ ਉਨ੍ਹਾਂ ਮੇਰੇ ਵਰਗੇ ਸਧਾਰਨ ਮਨੁੱਖ ਤੇ ਸਿੱਖੀ ਸਰੂਪ ਨੂੰ ਇੰਨਾ ਮਾਣ ਦਿੱਤਾ।

ਕੇਂਦਰ ਸਰਕਾਰ ਵਲੋਂ ਕਈ ਵਾਰ ਗੱਲਬਾਤ ਲਈ ਸਪੈਸ਼ਲ ਦੂਤ ਰਾਹੀਂ ਸੱਦਾ ਆਇਆ। ਪਰ ਸੰਤ ਜੀ ਨੇ ਸਵੀਕਾਰ ਨਹੀਂ ਕੀਤਾ। ਉਹ ਟਾਲਦੇ ਸਨ ਕਿ ਸ਼ਾਇਦ ਕੇਂਦਰ ਸਰਕਾਰ ਗਰਮ ਧੜੇ ਨਾਲ ਹੀ ਗੱਲ ਕਰ ਲਵੇ। ਪਰ ਕੇਂਦਰ ਇਹ ਸਮਝਦਾ ਸੀ ਕਿ ਸਮੁੱਚੀ ਸਿੱਖ ਕੌਮ ਦੇ ਲੀਡਰ ਕੇਵਲ ਸੰਤ ਹਰਚੰਦ ਸਿੰਘ ਲੌਂਗੋਵਾਲ ਹੀ ਹਨ। ਫਿਰ ਬੁਲਾਵਾ ਆਇਆ ਤਾਂ ਆਪ ਨੇ ਸੁਰਜੀਤ ਸਿੰਘ ਬਰਨਾਲਾ, ਸ. ਬਲਵੰਤ ਸਿੰਘ ਸਾਬਕਾ ਖਜਾਨਾ ਮੰਤਰੀ ਤੇ ਕੁਝ ਹੋਰ ਲੀਡਰਾਂ ਦੇ ਕਹਿਣ ਤੇ ਆਪ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲਿਆ ਤੇ ਕੇਂਦਰ ਸਰਕਾਰ ਦੇ ਬੁਲਾਵੇ ਤੇ ਗੱਲਬਾਤ ਕਰਨ ਲਈ ਦਿੱਲੀ ਲਈ ਰਵਾਨਾ ਹੋ ਪਏ। ਦਿੱਲੀ ਵਿਖੇ ਬੜੇ ਢੁੱਕਵੇਂ ਮਾਹੌਲ ਵਿਚ ਗੱਲਬਾਤ ਹੋਈ। ਇਸ ਵਿਚ ਸ. ਬਰਨਾਲਾ, ਸ. ਬਲਵੰਤ ਸਿੰਘ ਤੇ ਉਸ ਸਮੇਂ ਪੰਜਾਬ ਦੇ ਗਵਰਨਰ ਸ੍ਰੀ ਅਰਜਨ ਸਿੰਘ ਵੀ ਮੌਜੂਦ ਸਨ। ਇਕ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਬੈਠਾ ਹੈ ਤੇ ਦੂਜੇ ਪਾਸੇ ਸਿੱਖ ਕੌਮ ਦੇ ਲੀਡਰ ਸਰਦਾਰੇ ਆਜ਼ਮ ਸੰਤ ਲੌਂਗੋਵਾਲ ਬੈਠੇ ਹਨ। ਲਿਖਤੀ ਰੂਪ ਵਿਚ ਦੋਹਾਂ ਲੀਡਰਾਂ ਦੇ ਦਸਤਖਤਾਂ ਥੱਲੇ ਸਮਝੌਤਾ ਹੋਇਆ ਜਿਸ ਦਾ ਨਾਮ ਰਾਜੀਵ-ਲੌਂਗੋਵਾਲ ਸਮਝੌਤਾ ਰੱਖਿਆ ਗਿਆ। ਜਿਸ ਵਿਚ ਚੰਡੀਗੜ੍ਹ ੨੬ ਜਨਵਰੀ ੧੯੮੬ ਤੱਕ ਪੰਜਾਬ ਦੇ ਹਵਾਲੇ ਕਰਨਾ ਸੀ ਅਤੇ ਹਰਿਆਣਾ ਦੀ ਵੱਖਰੀ ਰਾਜਧਾਨੀ ਉਸਾਰਨ ਲਈ ਕੇਂਦਰ ਫੰਡ ਮੁਹੱਈਆ ਕਰਵਾਏਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੋਹਰਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਅੰਦਰਖਾਤੇ ਵਿਰੋਧਤਾ ਕਰਦੇ ਸਨ। ਸੰਤਾਂ ਨੂੰ ਬੁੱਲਟ ਪਰੂਫ ਜਾਕਟ ਵੀ ਦਿੱਤੀ ਗਈ। ਪਰ ਉਹ ਪ੍ਰਮਾਤਮਾ ਤੇ ਭਰੋਸਾ ਰੱਖਣ ਵਾਲੇ ਸਨ, ਜਾਕਟ ਨਹੀਂ ਪਾਈ। ਇਸ ਤੋਂ ਬਾਅਦ ਸੰਤਾਂ ਨੂੰ ਦਿਸ ਪਿਆ ਸੀ ਕਿ ਉਹਨਾਂ ਦੀ ਜਾਨ ਨੂੰ ਖਤਰਾ ਹੋਰ ਵੱਧ ਗਿਆ ਹੈ। ਅਖ਼ੀਰ ਆਪਣਿਆਂ ਅਤੇ ਸਰਕਾਰ ਦੀ ਸੌੜੀ ਰਾਜਨੀਤੀ ਕਰਕੇ ੨੦ ਅਗਸਤ ੧੯੮੫ ਨੂੰ ਸ਼ੇਰਪੁਰ ਵਿਖੇ ਇਸਤਰੀਆਂ ਦੀ ਕਾਨਫਰੰਸ ਵਿਖੇ ਗੋਲੀਆਂ ਦਾ ਸ਼ਿਕਾਰ ਹੋ ਗਏ। ਉਸ ਸਮੇਂ ਬੇਸ਼ਕ ਹਰਦਿਆਲ ਸਿੰਘ ਮੋਫਰ ਵਰਗਿਆਂ ਨੇ ਸੰਤਾਂ ਦੇ ਉੱਤੇ ਡਿੱਗ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਬਚਾ ਨਾ ਸਕੇ। ਉਹਨਾਂ ਜਦ ਧਰਤੀ ਤਿਆਗੀ ਤਾਂ ਉਹਨਾਂ ਦੇ ਰਸਨਾਂ ਵਿਚੋਂ ਮੁਕ ਸ਼ਬਦ ਅਚੇਤ ਹੀ ਨਿਕਲ ਰਹੇ ਸਨ "ਤੇਰਾ ਕੀਆ ਮੀਠਾ ਲਾਗੈ ਹਰ ਨਾਮ ਪਦਾਰਥ ਨਾਨਕ ਮਾਂਗੈ।"

ਆਪ ਜੀ ਦਾ ਆਦਰਸ਼ ਸੀ ਕਿ ਵੱਧ ਤੋਂ ਵੱਧ ਪੰਥ ਦੀ ਸੇਵਾ ਕਰਨੀ, ਪਾਰਟੀ ਪ੍ਰਤੀ ਵਫਾਦਾਰੀ ਰੱਖਣੀ ਜੋ ਹੁਕਮ ਮਿਲੇ, ਉਸ ਨੂੰ ਹੱਥ ਜੋੜ ਕੇ ਮੰਨਣਾ, ਕਿਸੇ ਲੀਡਰ ਤੋਂ ਕੁਝ ਨਹੀਂ ਮੰਗਣਾ, ਲੋੜ ਪੈਣ ਤੇ ਉਸਦੀ ਸਹਾਇਤਾ ਕਰਨੀ, ਕਿਸੇ ਮਨ ਨੂੰ ਨਹੀਂ ਦੁਖਾਉਣਾ, ਸਦਾ ਚੜ੍ਹਦੀਆਂ ਕਲਾ ਵਿਚ ਰਹਿਣਾ। ਮਹਾਂਪੁਰਖਾਂ ਦਾ ਅੰਤਿਮ ਸਮਾਂ ਮਹਾਨ ਹੁੰਦਾ ਹੈ ਤੇ ਮੌਤ ਹੀ ਆਦਮੀ ਦਾ ਅਸਲੀ ਨਿਰਣਾ ਕਰਿਆ ਕਰਦੀ ਹੈ ਕਿ ਇਸ ਧਰਤੀ ਤੇ ਕਿਉਂ ਆਏ ਸਨ। ਆਪ ਵਾਰ-ਵਾਰ ਕਹਿ ਰਹੇ ਸਨ ਕਿ ਆਪ ਹਿੰਦੂ ਸਿੱਖ ਏਕਤਾ ਦੇ ਸਮਰੋਥਕ ਹਨ, ਦੇਸ਼ ਦੀ ਅਖੰਡਤਾ ਸੁਰਜੀਤ ਰੱਖਣਾ ਚਾਹੁੰਦੇ ਹਨ। ਆਪ ਨੇ ਸਭ ਕੁਝ ਤਿਆਗ ਕੇ, ਸਿੱਖੀ ਪਹਿਲਾਂ, ਰਾਜਨੀਤੀ ਬਾਅਦ ਵਿਚ ਰੱਖ ਕੇ ਸਾਰੀ ਉਮਰ ਸਿੱਖੀ, ਪੰਥ ਤੇ ਗੁਰਦੁਆਰਿਆਂ ਦੀ ਸੇਵਾ ਕੀਤੀ। ਸੰਤਾਂ ਦੇ ਅਕਾਲ ਚਲਾਣੇ ਦੀ ਦੁਖਦਾਈ ਖਬਰ ਚੰਡੀਗੜ੍ਹ ਸੁਣੀ। ਉਸੇ ਸਮੇਂ ਸੰਗਰੂਰ ਲਈ ਰਵਾਨਾ ਹੋ ਗਿਆ। ਸੰਗਰੂਰ ਤੋਂ ਲੌਂਗੋਵਾਲ ਜਾਣ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਐਬੂਲੈਂਸ ਨਾਲ ਚੱਲ ਰਹੀ ਸੀ। ਰਸਤੇ ਵਿਚ ਪੈਂਦੇ ਪਿੰਡਾਂ ਵਿਚੋਂ ਜਦ ਗੁਜ਼ਰੇ ਤਾਂ ਲੋਕ ਕੋਠਿਆਂ ਤੇ ਚੜ੍ਹ ਕੇ ਵਿਛੜੀ ਰੂਹ ਦੇ ਦਰਸ਼ਨ ਕਰ ਰਹੇ ਸਨ ਤੇ ਕਈ ਭਾਵੁਕ ਹੋ ਕੇ ਕਹਿ ਰਹੇ ਸਨ ਕਿ ਮਹਾਂਪੁਰਖਾਂ ਨੂੰ ਮਾਰਨ ਵਾਲਿਆ ਤੇਰਾ ਕੱਖ ਨਾ ਰਹੇ..ਆਦਿ। ਕੁਝ ਲੋਕ ਰਸਤੇ ਵਿਚੋਂ ਹੀ ਨਾਲ ਰਲ ਰਹੇ ਸਨ। ਗਰਮੀ ਬਹੁਤ ਸੀ। ਕੈਮਬੋਵਾਲ (ਲੌਂਗੋਵਾਲ) ਗੁਰਦੁਆਰਾ ਸਾਹਿਬ ਐਬੂਲੈਂਸ ਨਾਲ ਗੱਡੀਆਂ ਦਾ ਭਾਰੀ ਕਾਫਲਾ ਪਹੁੰਚਦਿਆਂ ਸੰਗਤਾਂ ਚਾਰ ਚੁਫੇਰਿਉਂ ਵਹੀਰਾਂ ਘੱਤ ਕੇ ਪਹੁੰਚ ਰਹੀਆਂ ਸਨ। ਸੰਤਾਂ ਦੀ ਦੇਹ ਅੰਤਿਮ ਦਰਸ਼ਨਾਂ ਲਈ ਕੈਮਬੋਵਾਲ (ਲੌਂਗੋਵਾਲ) ਵਿਖੇ

ਰੱਖੀ ਗਈ ਸੀ। ਲੋਕ ਭਾਰੀ ਗਿਣਤੀ ਵਿਚ ਆਪਣੇ ਮਹਿਬੂਬ ਨੇਤਾ ਦੇ ਸੇਜਲ ਅੱਖਾਂ ਨਾਲ ਦਰਸ਼ਨ ਕਰ ਰਹੇ ਸਨ। ਵੱਖ-ਵੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਵਲੋਂ ਫੁੱਲਾਂ ਦੀਆਂ ਮਾਲਾਂ ਤੇ ਲੋਈਆਂ ਭੇਂਟ ਕੀਤੀਆਂ ਜਾ ਰਹੀਆਂ ਸਨ। ਨਾਮਧਾਰੀ ਪੰਥ ਦੀ ਦਾਸ ਵਲੋਂ ਹਾਜ਼ਰੀ ਲਗਵਾਈ ਗਈ। ਨਾਲੋ ਨਾਲ ਸਪੀਕਰ ਵਿਚ ਬੋਲਿਆ ਜਾ ਰਿਹਾ ਸੀ। ਦੇਸ਼ ਦੇ ਕੋਨੇ-ਕੋਨੇ ਤੋਂ ਰਾਜਨੀਤਿਕ ਨੇਤਾ ਕੋਈ ਹੈਲੀਕਾਪਟਰ ਤੇ ਕੋਈ ਹੋਰ ਸਾਧਨਾਂ ਰਾਹੀਂ ਪਹੁੰਚ ਰਹੇ ਸਨ। ਕੇਂਦਰ ਦੇ ਹੋਰ ਲੀਡਰਾਂ ਤੋਂ ਬਿਨਾਂ ਬੰਗਾਲ ਦੇ ਮੁੱਖ ਮੰਤਰੀ ਜੋਤੀ ਬਾਸੂ ਵਿਸ਼ੇਸ਼ ਤੌਰ ਤੇ ਹੈਲੀਕੋਪਟਰ ਰਾਹੀਂ ਪਹੁੰਚੇ। ਇੰਨੇ ਨੂੰ ਸ੍ਰੀ ਭੈਣੀ ਸਾਹਿਬ ਤੋਂ ਨਾਮਧਾਰੀ ਸਿੰਘਾਂ ਦਾ ਜੱਥਾ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਵਲੋਂ ਹਾਜ਼ਰ ਹੋ ਗਿਆ। ਇਸ ਸਮੇਂ ਸਾਰੇ ਧਰਮਾਂ ਦੇ ਮਹਾਂਪੁਰਸ਼ ਵੀ ਹਾਜ਼ਰ ਹੋਏ। ਖਾਸ ਕਰਕੇ ਹਿੰਦੂ ਵੀਰ ਬਹੁਤ ਜ਼ਿਆਦਾ ਤਦਾਦ ਵਿਚ ਹਾਜ਼ਰ ਸਨ। ਆਮ ਵੱਡੇ ਕੌਮੀ ਲੀਡਰ ਇਹ ਕਹਿ ਰਹੇ ਸਨ ਕਿ ਅਸੀਂ ਸੋਚਦੇ ਸਾਂ ਕਿ ਸੰਤ ਜੀ ਪਤਾ ਨਹੀਂ ਕਿਸ ਕਿਲ੍ਹੇ ਵਿਚ ਰਹਿੰਦੇ ਹੋਣਗੇ। ਪਰ ਇੱਥੇ ਆ ਕੇ ਉਹਨਾਂ ਦਾ ਸਾਦਾ ਜੀਵਨ ਦੇਖ ਕੇ ਦੰਗ ਰਹਿ ਗਏ। ਗੁਰਦੁਆਰੇ ਦਾ ਇਕ ਕਮਰਾ, ਉਹੀ ਡਰਾਇੰਗ ਰੂਮ, ਉਹੀ ਸੌਣ ਵਾਲਾ, ਇੰਨਾ ਸਾਦਾ ਜੀਵਨ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛੱਕਣਾ, ਬਹੁਤ ਜ਼ਿਆਦਾ ਪ੍ਰਭਾਵਿਤ ਹੋਏ। ਪਰ ਅਫਸੋਸ ਸਾਡੀ ਸਿੱਖ ਕੌਮ ਦੇ! ਇਕ ਪਾਸੇ ਸੰਤਾਂ ਦਾ ਸਿਵਾ ਜੱਲ ਰਿਹਾ ਸੀ। ਸ. ਸੁਰਜੀਤ ਸਿੰਘ ਬਰਨਾਲਾ ਨੂੰ ਘਬਰਾਹਟ ਕਰਕੇ ਇਕ ਕਮਰੇ ਵਿਚ ਗੁਲੂਕੋਜ਼ ਲੱਗਿਆ ਸੀ। ਦੂਜੇ ਪਾਸੇ ਬਲਬੀਰ ਸਿੰਘ ਬਰਾੜ ਵਰਗੇ ਸਪੀਕਰ ਤੋਂ ਅਨਾਊਂਸ ਕਰ ਰਹੇ ਸਨ ਕਿ ਅਗਲਾ ਅਕਾਲੀ ਦਲ ਦਾ ਪ੍ਰਧਾਨ ਸੰਤ ਅਜੀਤ ਸਿੰਘ ਪਰਿਵਾਰ ਵਿਛੋੜੇ ਵਾਲੇ ਹੋਣਗੇ, ਸੰਤਾਂ ਦੀ ਇਹ ਇੱਛਾ ਸੀ। ਸੰਗਤਾਂ ਦਾ ਇਨਾਂ ਭਾਰੀ ਇਕੱਠ ਮੈਂ ਆਪਣੇ ਜੀਵਨ ਵਿਚ ਕਿਸੇ ਰਾਜਨੀਤਿਕ ਲੀਡਰ ਦੀ ਮੌਤ ਤੇ ਕਦੇ ਨਹੀਂ ਦੇਖਿਆ। ਲੌਂਗੋਵਾਲ ਦੇ ਰਸਤੇ ਵਿਚ ਪੈਂਦੇ ਪਿੰਡਾਂ ਵਾਲਿਆਂ ਵਲੋਂ ਰਸਤੇ ਵਿਚ ਲੰਗਰ ਲਗਾਏ ਹੋਏ ਸਨ, ਉਸ ਮਹਾਨ ਸ਼ਖਸੀਅਤ ਸਦਕਾ ਲੌਂਗੋਵਾਲ ਦਾ ਨਾਮ ਦੁਨੀਆਂ ਦੇ ਨਕਸ਼ੇ ਤੇ ਆ ਗਿਆ। ਕੇਂਦਰ ਵਲੋਂ ਇਸ ਵਿੱਦਿਅਕ ਪੱਖੋਂ ਪੱਛੜੇ ਇਲਾਕੇ ਵਿਚ ਸ਼ਾਨਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਇੰਸਟੀਚਿਊਟ ਆਫ ਟੈਕਨਾਲੋਜੀ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਬਾਅਦ ਵਿਚ ਇਲੈਕਸ਼ਨਾਂ ਹੋਈਆਂ। ਬਹੁਤ ਸਾਰੇ ਜਥੇਦਾਰ ਅਤੇ ਵਰਕਰਾਂ ਦੀਆਂ ਕੁਰਬਾਨੀਆਂ ਦਾ ਮੁੱਲ ਜੋ ਸੰਤਾਂ ਦੇ ਮਨ ਵਿਚ ਸੀ, ਉਹ ਨਾ ਪਾ ਸਕੇ। ਰਾਤੋ ਰਾਤ ਵਫ਼ਦਾਰੀਆਂ ਬਦਲਦੀਆਂ ਦੇਖੀਆਂ ਗਈਆਂ। ਸੰਤਾਂ ਦੇ ਹੱਥਾਂ ਵਿਚ ਪਲੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਐਮ. ਐਲ. ਏ. ਬਣ ਗਏ। ਅਕਾਲੀ ਦਲ ਨੂੰ ਸੰਤਾਂ ਦੀ ਕੁਰਬਾਨੀ ਸਦਕਾ ਭਾਰੀ ਬਹੁਮਤ ਪ੍ਰਾਪਤ ਹੋਇਆ। ਸ. ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਬਣੇ। ੨੬ ਜਨਵਰੀ ੧੯੮੬ ਦਾ ਸਮਾਂ ਜਿਉਂ ਜਿਉਂ ਨੇੜੇ ਆ ਰਿਹਾ ਸੀ ਕਿਆਸ ਅਰਾਈਆਂ ਲੱਗ ਰਹੀਆਂ ਸਨ ਕਿ ਦੇਖੋ ਕੇਂਦਰ ਸਰਕਾਰ ੨੬ ਜਨਵਰੀ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਦੀ ਹੈ ਜਾਂ ਨਹੀਂ। ਜੇ ਨਹੀਂ ਕਰਦੀ ਤਾਂ ਸ. ਬਰਨਾਲਾ ਜੀ ਰੋਸ ਵਜੋਂ ਆਪਣਾ ਅਸਤੀਫਾ ਦਿੰਦੇ ਹਨ ਜਾਂ ਨਹੀਂ! ਆਖ਼ੀਰ ਹੋਇਆ ਇਹ ਕਿ ਕੇਂਦਰ ਨੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਹੀਂ ਕੀਤਾ। ਸ. ਬਰਨਾਲਾ ਸੱਤਾ ਦਾ ਮੋਹ ਨਾ ਤਿਆਗ ਸਕੇ। ਸ਼ਾਹ ਮੁਹੰਮਦ ਦੀਆਂ ਕਾਵਿ ਤੁਕਾਂ ਬਿਲਕੁਲ ਢੁੱਕਦੀਆਂ ਹਨ "ਅੱਜ ਹੋਵੇ ਸਰਕਾਰ ਤੇ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ, ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਤੇ ਅੰਤ ਨੂੰ ਹਾਰੀਆਂ ਨੇ।" ਜੇ ਸ. ਬਰਨਾਲਾ ਉਸ ਸਮੇਂ ਆਪਣੇ ਮੰਤਰੀ ਮੰਡਲ ਸਮੇਤ ਅਸਤੀਫਾ ਦੇ ਦਿੰਦੇ ਪੰਜਾਬ ਦਾ ਭਵਿੱਖ ਹੀ ਹੋਰ ਹੁੰਦਾ।

ਹਰ ਸਾਲ ੨੦ ਅਗਸਤ ਨੂੰ ਅਕਾਲੀ ਦਲ ਵਲੋਂ ਸੰਤਾਂ ਦਾ ਸ਼ਹੀਦੀ ਦਿਵਸ ਲੌਂਗੋਵਾਲ ਦੀ ਦਾਣਾ ਮੰਡੀ ਵਿਚ ਮਨਾਇਆ ਜਾਂਦਾ ਹੈ। ਪਰ ਜਦੋਂ ਕਾਂਗਰਸ ਦੀ ਸਰਕਾਰ ਆਈ। ਸ੍ਰੀ ਐਚ. ਐਸ. ਹੰਸਪਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ ਤੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ, ਉਨ੍ਹਾਂ ਵਲੋਂ ਵੀ ਸਰਕਾਰੀ ਪੱਧਰ ਤੇ ਸੰਤਾਂ ਦੀ ਬਰਸੀ ਮਨਾਈ ਜਾਣ ਲੱਗੀ। ਕੈਪਟਨ ਸਰਕਾਰ ਵਲੋਂ ਸੰਤਾਂ ਦੇ ਪਰਿਵਾਰਕ ੬ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਗਈਆਂ। ਹੁਣ ਸਾਰੀਆਂ ਰਾਜਸੀ ਪਾਰਟੀਆਂ ਵਲੋਂ ਸੰਤਾਂ ਦੀ ਯਾਦ ਵਿਚ ਭਾਰੀ ਕਾਨਫਰੰਸਾਂ ਕਰਕੇ ਬਰਸੀ ਮਨਾਈ ਜਾਂਦੀ ਹੈ। ਕਿਸੇ ਲੀਡਰ ਦਾ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸਰਬ ਪ੍ਰਵਾਨਿਤ ਹੋਣਾ ਇਕ ਬਹੁਤ ਵੱਡੀ ਗੱਲ ਹੈ। ਇਹ ਉਹਨਾਂ ਦੀ ਮਹਾਨਤਾ ਨੂੰ ਚਾਰ-ਚੰਨ ਲਗਾਉਂਦੀ ਹੈ। ਅੰਤ ਵਿਚ ਮੈਂ ਉਸ ਮਹਾਨ ਮਾਤਾ ਮਾਨ ਕੌਰ ਜੀ ਦੇ ਚਰਨਾਂ ਤੇ ਸਿਰ ਝੁਕਾਉਂਦਾ ਹਾਂ। ਜਿਸ ਦੀ ਕੁੱਖ ਨੇ ਇਸ ਹੀਰੇ ਨੂੰ ਜਨਮ ਦਿੱਤਾ।

ਮਾਨਸਾ
ਮੋ-੯੮੭੬੧-੮੭੧੮੮

ਪਹਿਲੀ ਬਰਸੀ ਉਤੇ ਕਰਤਾਰ ਸਿੰਘ ਪੰਛੀ ਨੂੰ ਭਾਵਭਿੰਨੀਆਂ ਸ਼ਰਧਾਂਜ਼ਲੀਆਂ

—ਨਾਜ਼ ਭਾਰਤੀ

ਬੀਤੇ ਦਿਨੀਂ ਨਾਮਧਾਰੀ ਸ਼ਹੀਦੀ ਸਮਾਰਕ ਮੇਲਰਕੋਟਲਾ ਵਿਖੇ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਅਤੇ ਨਾਮਧਾਰੀ ਦਰਬਾਰ ਵਲੋਂ ਸਾਂਝੇ ਤੌਰ 'ਤੇ ਪੰਜਾਬੀ ਦੇ ਅਗਾਂਹਵਧੂ ਸ਼ਾਇਰ ਕਰਤਾਰ ਸਿੰਘ ਪੰਛੀ ਦੀ ਪਹਿਲੀ ਬਰਸੀ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਡਾ. ਐੱਸ. ਤਰਸੇਮ, ਮੀਤ ਪ੍ਰਧਾਨ ਡਾ. ਗੁਲਜ਼ਾਰ ਪੰਧੇਰ, ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਤੇ ਸੇਵਾ-ਮੁਕਤ ਏ. ਡੀ. ਸੀ. ਜਸਦੇਵ ਸਿੰਘ ਧਾਲੀਵਾਲ, ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪ੍ਰੋ. ਦੇਵ ਦੱਤ ਭੱਟੀ, ਸ਼ਾਇਰ ਦੇ ਪਿੰਡ ਕੰਗਣਵਾਲ ਦੇ ਸਰਗਰਮ ਸੰਗਠਨ 'ਨਵਚੇਤਨਾ ਕਲਾ ਮੰਚ ਕੰਗਣਵਾਲ' ਦੇ ਪ੍ਰਧਾਨ ਜਨਾਬ ਹਨੀਫ਼ ਅਨਸਾਰੀ ਅਤੇ ਸਭਾ ਦੇ ਕਾਰਜਕਾਰੀ ਪ੍ਰਧਾਨ ਮਹਿੰਦਰਦੀਪ ਸ਼ਾਮਲ ਸਨ। ਇਸ ਸਮਾਗਮ ਵਿਚ ਜਿੱਥੇ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਅਤੇ ਪੰਛੀ ਜੀ ਦੀ ਛੋਟੀ ਬੇਟੀ ਅਮਰਜੀਤ ਕੌਰ ਅਤੇ ਉਹਨਾਂ ਦੇ ਪਤੀ ਸ. ਸੁਰਜੀਤ ਸਿੰਘ ਜੰਡੂ ਨੇ ਟੈਲੀਫੋਨ ਰਾਹੀਂ ਸਮਾਗਮ ਵਿਚ ਸ਼ਰੀਕ ਲੇਖਕਾਂ, ਪਾਠਕਾਂ, ਟਰੇਡ ਯੂਨੀਅਨ ਆਗੂਆਂ ਅਤੇ ਪੰਛੀ ਜੀ ਦੇ ਹਾਜ਼ਰ ਰਿਸ਼ਤੇਦਾਰਾਂ ਨੂੰ ਸੰਬੋਧਨ ਕੀਤਾ ਤੇ ਪ੍ਰਣ ਦੁਹਰਾਇਆ ਕਿ ਹਰ ਸਾਲ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਜਾਇਆ ਕਰੇਗਾ, ਉਥੇ ਮੁਹਾਲੀ ਵਸਦੇ ਪੰਛੀ ਜੀ ਦੇ ਵੱਡੇ ਦਾਮਾਦ ਸ. ਇਕਬਾਲ ਸਿੰਘ ਅਤੇ ਪੰਛੀ ਜੀ ਦੀ ਵੱਡੀ ਬੇਟੀ ਹਰਿੰਦਰ ਕੌਰ ਰਾਣੀ, ਉਹਨਾਂ ਦੇ ਸਾਕ-ਸਬੰਧੀਆਂ ਵਿਚੋਂ ਸੁਰਿੰਦਰ ਸਿੰਘ, ਸਵਰਨ ਸਿੰਘ, ਸੇਵਕ ਸਿੰਘ, ਤਰਲੋਚਨ ਸਿੰਘ ਅਤੇ ਮੋਹਨ ਸਿੰਘ ਚੱਕ ਨੇ ਸਮਾਗਮ ਵਿਚ ਸ਼ਰੀਕ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਵਿਛੜੇ ਸ਼ਾਇਰ ਕਰਤਾਰ ਸਿੰਘ ਪੰਛੀ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਨ ਦੇ ਨਾਲ ਨਾਲ ਉਹਨਾਂ ਦੀ ਸ਼ਖਸੀਅਤ ਅਤੇ ਸ਼ਾਇਰੀ ਉਤੇ ਵੀ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਪ੍ਰਧਾਨਗੀ ਮੰਡਲ ਤੋਂ ਇਲਾਵਾ ਜਿਹੜੇ ਬੁਲਾਰਿਆਂ ਨੇ ਸ਼ਰਧਾਂਜਲੀ ਭੇਟ ਕੀਤੀ, ਉਹਨਾਂ ਵਿਚ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਦੇ ਜਨਰਲ ਸਕੱਤਰ ਜਨਾਬ ਨਾਜ਼ ਭਾਰਤੀ, ਸਭਾ ਦੇ ਬਾਨੀ ਜਨਰਲ ਸਕੱਤਰ ਗੁਰਦੀਪ ਭਾਟੀਆ, ਸਰਕਾਰੀ ਕਾਲਜ ਮਾਲੇਰਕੋਟਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਧਰਮ ਚੰਦ ਵਾਤਿਸ਼, ਪੰਜਾਬ ਸਾਹਿਤ ਕਲਾ ਪਰਿਸ਼ਦ ਦੇ ਜਨਰਲ ਸਕੱਤਰ ਪ੍ਰੋ. ਤਰਸੇਮ ਰਾਣਾ, ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਬਲਾਈਂਡ ਦੇ ਵਿੱਤ ਸਕੱਤਰ ਰਾਜ ਕੁਮਾਰ ਪ੍ਰਿੰਸ, ਭਾਰਤ ਵਿਕਾਸ ਪਰਿਸ਼ਦ ਦੇ ਸਕੱਤਰ ਕਮਲ ਕਾਂਤ ਮੋਦੀ, ਪ੍ਰਮੁੱਖ ਪੱਤਰਕਾਰ ਪ੍ਰਦੀਪ ਸਿੰਗਲਾ, ਟਰੇਡ ਯੂਨੀਅਨ ਆਗੂ ਪ੍ਰੀਤਮ ਸਿੰਘ ਪੰਧੇਰ, ਕਾ. ਜਗਜੀਤ ਸਿੰਘ ਦੁੱਗਰੀ, ਬਚਨ ਸਿੰਘ ਖੁਰਦ, ਸ਼ਾਇਰ ਜ਼ਮੀਰ ਅਲੀ ਜ਼ਮੀਰ, ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਤੇ ਜਨਰਲ ਸਕੱਤਰ ਗੁਰਦਿਆਲ ਨਿਰਮਾਣ, ਡਾ. ਗੁਰਨਾਮ ਸਿੰਘ ਖ਼ੁਸ਼ਦਿਲ, ਉਰਦੂ ਤੇ ਪੰਜਾਬੀ ਦੇ ਪ੍ਰਕਾਸ਼ਕ ਤਾਹਿਰ ਹਲੀਮ, ਅਰੂਜ਼ ਦੇ ਮਾਹਿਰ ਸ਼ਾਇਰ ਅੰਜੁਮ ਕਾਦਰੀ ਸ਼ਾਮਲ ਸਨ। ਇਸ ਮੌਕੇ ਉਤੇ ਪੰਛੀ ਜੀ ਦੀਆਂ ਚੋਣਵੀਆਂ ਗ਼ਜ਼ਲਾਂ ਅਤੇ ਸ਼ਿਅਰਾਂ ਦਾ ਪਾਠ ਵੀ ਕੀਤਾ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਐੱਸ. ਤਰਸੇਮ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਨੂੰ ਚਾਹੀਦਾ ਹੈ ਕਿ 'ਕਰਤਾਰ ਸਿੰਘ ਪੰਛੀ ਪੰਜਾਬੀ ਭਵਨ' ਵਿਚ ਬਾਕਾਇਦਾ ਮਾਸਿਕ ਇਕੱਤਰਤਾਵਾਂ ਦਾ ਸਿਲਸਿਲਾ ਸ਼ੁਰੂ ਕਰੇ, ਕਿਉਂਕਿ ਪੰਛੀ ਜੀ ਦੇ ਇਸ ਘਰ ਨੂੰ ਪੰਜਾਬੀ ਭਵਨ ਦਾ ਨਾਂ ਇਸ ਕਰਕੇ ਹੀ ਦਿੱਤਾ ਗਿਆ ਸੀ ਤਾਂ ਜੋ ਇਥੇ ਸਾਹਿਤਕ ਸਰਗਰਮੀਆਂ ਹੁੰਦੀਆਂ ਰਹਿਣ। ਡਾ. ਤਰਸੇਮ ਨੇ ਇਹ ਵੀ ਕਿਹਾ ਕਿ ਪੰਛੀ ਜੀ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਉਹਨਾਂ ਦੀ ਯਾਦ ਵਿਚ ਹਰ ਸਾਲ ਇਕ ਪੁਰਸਕਾਰ ਦੇਣ ਦੀ ਵਿਉਂਤ ਵੀ ਬਣਾਉਣੀ ਚਾਹੀਦੀ ਹੈ। ਸਮਾਗਮ ਦੇ ਅੰਤ ਉਤੇ ਸੰਤ ਸੰਤੋਖ ਸਿੰਘ ਨੇ ਸਮਾਗਮ ਵਿਚ ਹਾਜ਼ਰ ਲੇਖਕਾਂ, ਪਾਠਕਾਂ ਅਤੇ ਪੰਛੀ ਜੀ ਦੇ ਰਿਸ਼ਤੇਦਾਰਾਂ ਤੇ ਦੋਸਤ-ਮਿੱਤਰਾਂ ਦਾ ਧੰਨਵਾਦ ਕੀਤਾ।

ਸੰਤ ਹੀਰਾ ਦਾਸ ਚਿਟੀ ਦੇ ਜਨਮ ਨਗਰ ਗਹਿਲ (ਬਰਨਾਲਾ) ਦੇ ਸਕੂਲ ਵਿਖੇ ਕੂਕਾ ਲਹਿਰ ਤੇ ਭਰਪੂਰ ਚਰਚਾ

ਬਰਨਾਲਾ – ਜ਼ਿਲ੍ਹੇ ਦੇ ਪਿੰਡ ਗਹਿਲ ਦੇ ਸਰਕਾਰੀ ਹਾਈ ਸਕੂਲ ਵਿਖੇ ਕੂਕਾ ਅੰਦੋਲਨ ਦੇ ਡੇਢ ਸੌ ਸਾਲਾ ਪ੍ਰੋਗਰਾਮਾਂ ਦੇ ਤਹਿਤ ੨੦ ਨਵੰਬਰ ੨੦੧੦ ਨੂੰ ਇਕ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਨੂੰ ਸੰਬੋਧਨ ਕਰਦਿਆਂ ਸ੍ਰੀ ਭੈਣੀ ਸਾਹਿਬ ਤੋਂ ਆਏ ਸ੍ਰੀ ਆਦਿ ਅਤੇ ਦਸਮ ਗ੍ਰੰਥ ਸਾਹਿਬ ਦੇ ਉਘੇ ਵਿਦਵਾਨ ਮਾਸਟਰ ਦਰਸ਼ਨ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਤੇ ਰੌਸ਼ਨੀ ਪਾਈ। ਕਰੀਵਾਲਾ (ਸਰਸਾ) ਤੋਂ ਆਏ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਉਹਨਾਂ ਹਾਲਤਾਂ ਦਾ ਵਰਨਣ ਕਰਦਿਆਂ ਜਿਸ ਅਧੀਨ ਨਾਮਧਾਰੀ ਜਾਂ ਕੂਕਾ ਅੰਦੋਲਨ ਆਰੰਭਿਆ ਗਿਆ ਇਸ ਨੂੰ ਪੰਜਾਬ ਵਿੱਚ ਕੌਮੀ ਆਜ਼ਾਦੀ ਲਈ ਚਲੀ ਉਹ ਮਹਾਨ ਲੋਕ ਲਹਿਰ ਦੱਸਿਆ, ਜਿਸ ਦਾ ਅਸਰ ਗਦਰ ਲਹਿਰ, ਅਕਾਲੀ, ਕਾਂਗਰਸ ਲਹਿਰ ਬਬਰ ਅਕਾਲੀਆਂ, ਕਿਰਤੀ ਕਿਸਾਨਾਂ, ਸ਼ਹੀਦ ਭਗਤ ਸਿੰਘ ਦੀ ਸਰਬ ਭਾਰਤ ਨੌਜਵਾਨ ਸਭਾ ਅਤੇ ਰਿਆਸਤੀ ਪਰਜਾ ਮੰਡਲ ਦੀ ਅਗਵਾਈ ਵਿਚ ਚਲਣ ਵਾਲੀਆਂ ਲਹਿਰਾਂ ਨੇ ਕਬੂਲਿਆ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਬਹੁ ਆਯਾਮੀ ਸ਼ਖਸੀਅਤ ਦੇ ਵਿਵਿਧ ਪੱਖਾਂ ਨੂੰ ਪ੍ਰਕਾਸ਼ਮਾਨ ਕਰਦਿਆਂ, ਨਾਮਧਾਰੀ ਸੰਤ ਖਾਲਸਾ ਦੇ ਸੰਗਠਨ ਅਤੇ ਆਦਰਸ਼ਾਂ ਦੀ ਵਿਆਖਿਆ ਕੀਤੀ, ਜਿਸ ਕਾਰਨ, ਅੰਗਰੇਜ਼ ਬਸਤੀ ਵਾਦੀਆਂ ਦੀਆਂ ਦੇਸ ਵਿਚੋਂ ਜੜ੍ਹਾਂ ਪੁੱਟੀਆਂ ਗਈਆਂ। ਉਹਨਾਂ ਔਰਤਾਂ ਨਿਮਨ ਕਿਸਾਨੀ ਅਤੇ ਹੋਰ ਲਤਾੜੇ ਤਬਕੇ ਲਈ ਸਤਿਗੁਰੂ ਦੀ ਸਿੱਖਿਆ ਦਾ ਜ਼ਿਕਰ ਕਰਦਿਆਂ ਸੋਸ਼ਨ ਮੁਕਤ ਸਮਾਜ ਦੀ ਸਥਾਪਨਾ ਨੂੰ ਆਪਦੀ ਸਿੱਖਿਆ ਦਾ ਸਾਰ ਤੱਤ ਦੱਸਿਆ। ਇਸ ਮੌਕੇ ਤੇ ਸਕੂਲ ਦੇ ਹੈੱਡਮਾਸਟਰ ਸਰਦਾਰ ਦਰਸ਼ਨ ਸਿੰਘ, ਗਿਆਨੀ ਬਲਵੰਤ ਸਿੰਘ ਅਤੇ ਕੁਝ ਵਿਦਿਆਰਥੀਆਂ ਨੇ ਵੀ ਸਤਿਗੁਰੂ ਜੀ ਦੀ ਵੱਡੀ ਘਾਲਣਾ ਨੂੰ ਸ਼ਰਧਾ ਨਾਲ ਚੇਤੇ ਕੀਤਾ। ਯਾਦ ਰਹੇ ਕਿ ਇਹ ਨਗਰ ਮਾਲੇਰ ਕੋਟਲਾ ਸਾਕੇ ਵਿਚ ਭਾਗ ਲੈਣ ਵਾਲੇ ਅਤੇ ਬਾਦ ਵਿੱਚ ਉਦਾਸੀ ਸਾਧੂ ਦੇ ਭੇਖ ਵਿਚ, ਚਿੱਟੀ ਜ਼ਿਲ੍ਹਾ ਜਲੰਧਰ ਵਿਚ ਰਹਿਣ ਵਾਲੇ ਮਹਾਂਪੁਰਖ ਸੰਤ ਹੀਰਾ ਦਾਸ ਦਾ ਜਨਮ ਨਗਰ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕੂਕਾ ਅੰਦੋਲਨ ਦੇ ੧੫੦ ਸਾਲਾ ਸਮਾਗਮ ਅਗਲੇ ਵਰ੍ਹਿਆਂ ਵਿਚ ਵੀ ਜਾਰੀ ਰੱਖੇ ਜਾਣਗੇ।

'ਕੇਵਲ ਵਿੱਗ ਐਵਾਰਡ ੨੦੧੦'

ਕੇਵਲ ਵਿੱਗ ਫਾਊਂਡੇਸ਼ਨ ਨੇ ਸਾਲ ੨੦੧੦ ਦੇ ਲਈ 'ਕੇਵਲ ਵਿੱਗ ਐਵਾਰਡ' ਦਾ ਐਲਾਨ ਕਰ ਦਿੱਤਾ ਹੈ। ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਹੈ ਕਿ 'ਜਨਤਾ ਸੰਸਾਰ' ਮੈਗਜ਼ੀਨ ਦੇ ਬਾਨੀ ਸੰਪਾਦਕ ਸਵਰਗੀ ਸ੍ਰੀ ਕੇਵਲ ਵਿੱਗ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਸੰਨ ੧੯੯੪ ਤੋਂ ਸਥਾਪਿਤ ਇਹ ਐਵਾਰਡ ਪ੍ਰਸਿੱਧ ਸ਼ਾਇਰ ਸ੍ਰੀ ਡੀ. ਆਰ. ਧਵਨ ਨੂੰ ਉਹਨਾਂ ਦੀਆਂ ਸਾਹਿਤਕ ਘਾਲਨਾਵਾਂ ਵਿਸ਼ੇਸ਼ ਕਰਕੇ ਪੰਜਾਬੀ ਗ਼ਜ਼ਲ ਦੀ ਸਿਰਜਣਾ ਵਿਚ ਅਹਿਮ ਯੋਗਦਾਨ ਪਾਉਣ ਕਰਕੇ ਬਤੌਰ ਬੇਹਤਰੀਨ ਸ਼ਾਇਰ, ਅਤੇ ਸੰਗੀਤਕ ਹਸਤੀਆਂ ਪ੍ਰਤੀ ਸ਼ਿੱਦਤ ਅਤੇ ਸਮਰਪਿਤ ਭਾਵਨਾ ਨਾਲ ਨਿਰੰਤਰ ਮੁਲਾਕਾਤਾਂ ਕਰਕੇ ਲੇਖ ਲਿਖਣ ਵਾਲੇ ਪ੍ਰੋਫੈਸਰ ਅਰਿੰਦਰ ਸਿੰਘ ਦੇ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ ਮਾਨਤਾ ਵਜੋਂ ਬਤੌਰ ਬੇਹਤਰੀਨ ਲੇਖਕ ਕ੍ਰਮਵਾਰ 'ਕੇਵਲ ਵਿੱਗ ਐਵਾਰਡ-੨੦੧੦' ਨਾਲ ਸਨਮਾਨਿਤ ਕੀਤਾ ਜਾਵੇਗਾ।

ਫਾਊਂਡੇਸ਼ਨ ਦੇ ਸੰਸਥਾਪਕ ਜਤਿੰਦਰ ਮੋਹਨ ਵਿੱਗ ਨੇ ਦੱਸਿਆ ਕਿ ਇਹ ਸਮਾਗਮ ਸ੍ਰੀ ਕੇਵਲ ਵਿੱਗ ਦੀ ੧੯ਵੀਂ ਬਰਸੀ ਦੇ ਅਵਸਰ 'ਤੇ ੪ ਦਸੰਬਰ, ੨੦੧੦ ਨੂੰ ਦਿਨ ਸ਼ਨੀਵਾਰ, ਵਿਰਸਾ ਵਿਹਾਰ, ਨੇੜੇ ਨਾਮਦੇਵ ਚੌਕ, ਜਲੰਧਰ ਸ਼ਹਿਰ ਵਿਖੇ ਬਾਅਦ ਦੁਪਹਿਰ ਨੂੰ ਹੋਵੇਗਾ। ਇਸ ਸਮਾਗਮ ਵਿਚ ਸ. ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ, ਜਲੰਧਰ, ਸ੍ਰੀ ਪਰਨੀਤ ਸਿੰਘ, ਪਾਸਪੋਰਟ ਅਫ਼ਸਰ, ਜਲੰਧਰ, ਡਾ: ਕੇ.ਕੇ. ਰੱਤੂ, ਡਾਇਰੈਕਟਰ, ਦੂਰਦਰਸ਼ਨ ਕੇਂਦਰ, ਚੰਡੀਗੜ੍ਹ, ਸ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਪੁਲਿਸ ਲੁਧਿਆਣਾ ਰੇਂਜ, ਸ. ਮਨਪ੍ਰੀਤ ਸਿੰਘ ਬੱਲ, ਜ਼ਿਲ੍ਹਾ ਭਾਸ਼ਾ ਅਫ਼ਸਰ/ਸਹਾਇਕ ਕਮਿਸ਼ਨਰ, (ਸ਼ਿਕਾਇਤਾਂ) ਜਲੰਧਰ ਤੇ ਪੀਰ ਸੱਯਦ ਗ਼ੁਲਾਮ ਚਿਸ਼ਤੀ (ਅਜਮੇਰ ਸ਼ਰੀਫ) ਵਿਸ਼ੇਸ਼ ਸਤਿਕਾਰਤ ਮਹਿਮਾਨ ਹੋਣਗੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਵਿਚ ਇਸ ਐਵਾਰਡ ਨੇ ਆਪਣੀ ਇਕ ਵਿਲੱਖਣ ਪਹਿਚਾਨ ਕਾਇਮ ਕੀਤੀ ਹੈ ਤੇ ਹੁਣ ਤਕ ੩੯ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਜਾ ਚੁੱਕਿਆ ਹੈ।

ਸਹਾਇਤਾ

—ਸ. ਮਲਕੀਤ ਸਿੰਘ ਪਨੇਸਰ ਇੰਗਲੈਂਡ
ਆਪਣੀ ਦੋਹਤੀ ਅੰਮ੍ਰਿਤ ਕੌਰ ਭੁੱਲਰ ਦੇ
ਅਠਾਰਵੇਂ ਜਨਮ ਦਿਵਸ ਦੀ ਖੁਸ਼ੀ ਵਿਚ 10-00 ਪੌਂਡ

—ਪ੍ਰੋ. ਤਾਰਾ ਸਿੰਘ ਅਨਜਾਣ
ਪੋਤਰਿਆ ਅਰਜਨ ਅਤੇ ਕਿਸ਼ਨ ਸਪੁੱਤਰ
ਇ.ਅਜੀਤ ਸਿੰਘ ਸੱਗੂ, ਇੰਗਲੈਂਡ ਦੇ
ਜਨਮ ਦਿਨ ਦੀ ਖੁਸ਼ੀ ਵਿੱਚ 10-00 ਪੌਂਡ

—ਇੰਜੀਨਅਰ ਸ. ਕਰਮਜੀਤ ਸਿੰਘ ਆਦਮਪੁਰ
ਦੁਆਬਾ ਨੇ ਸਪੁਤਰ ਅਮਨਦੀਪ ਸਿੰਘ ਜੀ
ਦੇ ਜਨਮਦਿਵਸ (6-9-1976)
ਦੀ ਖੁਸ਼ੀ ਵਿੱਚ 500-00

—ਪ੍ਰਿੰ. ਕਰਤਾਰ ਸਿੰਘ ਕਾਲੜਾ ਨਾਭਾ 200-00

ਨਾਮਧਾਰੀ ਵਿਦਿਅਕ ਜੱਥਾ ਜਲੰਧਰ
ਫਗਵਾੜਾ ਜ਼ੋਨ ਮਿਨੀ ਸੰਮੇਲਨ ਫਗਵਾੜਾ
ਸਮੇਂ, ਸੰਤ ਜਸਪਾਲ ਸਿੰਘ ਰਾਹੀਂ 1000-00

—ਸ. ਹਰਮਿੰਦਰ ਸਿੰਘ ਚਾਨਾ ਸਪੁੱਤਰ
ਸਵਰਗੀ ਸ. ਸਰਵਨ ਸਿੰਘ ਚਾਨਾ, ਹੈਰੋ
ਯੂ.ਕੇ ਵੱਲੋਂ ਸ੍ਰੀਮਾਤਾ ਗਿਆਨ ਕੌਰ ਚਾਨਾ
ਨਮਿਤ, ਰਾਹੀਂ ਸ. ਤਾਰਾ ਸਿੰਘ ਅਨਜਾਣ 21-00 ਪੌਂਡ

—ਸ. ਮਲਕੀਅਤ ਸਿੰਘ ਪਨੇਸਰ ਯੂ.ਕੇ.
ਪ੍ਰੋ. ਅਨਜਾਣ ਜੀ ਰਾਹੀਂ 10-00 ਪੌਂਡ

—ਸ. ਤਰਲੋਕ ਸਿੰਘ ਭਮਰਾ
ਮੇਡਨ ਹੈੱਡ ਯੂ.ਕੇ.
ਰਾਹੀਂ ਅਨਜਾਣ ਜੀ 20-00 ਪੌਂਡ

—ਪ੍ਰੋ. ਤਾਰਾ ਸਿੰਘ ਅਨਜਾਣ
ਪੋਤਰੇ ਅਰਜਨ ਤਾਰਾ ਸਿੰਘ ਕਿਸ਼ਨ
ਤਾਰਾ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ 10-00 ਪੌਂਡ

—ਸੰਤ ਸਾਧਾ ਸਿੰਘ ਪ੍ਰਧਾਨ ਜੀ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ
ਦਿੱਲੀ -੧੫ ਦੁਆਰਾ ਭੋਗ ਤੇ ਸਹਾਇਤਾ 500-00

—ਸ੍ਰੀ ਜਗਜੀਤ ਆਟੋਮੋਬਾਈਲਜ਼
ਐਨ. ਐਚ-8 ਗਨੇਸ਼ ਸਸੋਧਰਾ
ਨਵ ਉਸਾਰੀ ਗੁਜਰਾਤ
ਵਰਿਆਮ ਦੀ ਚੜ੍ਹਦੀ ਕਲਾ ਵਾਸਤੇ 200-00

—ਬਲਬੀਰ ਸਿੰਘ ਢਿਲੋਂ ਮੁਹਾਲੀ 500-00

—ਸ. ਸੰਤੋਖ ਸਿੰਘ ਜੰਮੂ
ਬੀਬੀ ਅਮਰਜੀਤ ਕੌਰ ਦੇ ਵਗੀਨੇ
ਦੇ ਭੋਗ ਤੇ ਸੂਬਾ ਅਰਵਿੰਦ ਸਿੰਘ ਰਾਹੀਂ 500-00

—ਨਿਸ਼ਾਨ ਸਿੰਘ ਜੌਹਲ
ਵਡਾਲਾ ਜੌਹਲ 100-00

—ਸ. ਗੁਰਦੇਵ ਸਿੰਘ ਸਪੁੱਤਰ ਸੰਤ
ਤਰਨ ਸਿੰਘ ਵਹਿਮੀ 500-00

—ਜਥੇਦਾਰ ਸੇਵਾ ਸਿੰਘ
ਸਰਸਵਤੀ ਗਾਰਡਨ ਨਵੀਂ ਦਿੱਲੀ 2100-00

—ਸ. ਹਰਮਿੰਦਰ ਸਿੰਘ, ਭੋਗਲ ਵਾਚ
ਕੰਪਣੀ ਲਾਡੋਵਾਲੀ, ਜਲੰਧਰ 1000-00

—ਠੇਕੇਦਾਰ ਸੁਲੱਖਣ ਸਿੰਘ
ਜੰਤਾ ਕਲੋਨੀ ਨਵੀਂ ਦਿੱਲੀ
ਸ਼ਹੀਦੀ ਮੇਲਾ ਅੰਮ੍ਰਿਤਸਰ
15 ਸੰਤਬਰ ਸਮੇਂ 500-00

—ਪਰਿਵਾਰ ਜਥੇਦਾਰ ਸਵ. ਗਿਆਨ ਸਿੰਘ
ਵੀਰੋਕੇ। ਜਥੇਦਾਰ ਗੁਰਬਚਨ ਸਿੰਘ
ਸਪੁੱਤਰ— ਸ. ਜਸਵਿੰਦਰ ਸਿੰਘ
ਦਾਮਾਦ ਰਾਹੀਂ 1100-00

—ਸ. ਸਾਧੂ ਸਿੰਘ ਕਿਸਾਨ, ਬੁਢੀ ਮੈੜੀ
ਰਾਮਪੁਰ.... ਸਰਸਾ
ਬੁਢਾਪਾ ਪੈਨਸ਼ਨ ਚੋਂ 500-00

— ਜਥੇਦਾਰ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ
ਸ੍ਰੀ ਭੈਣੀ ਸਾਹਿਬ 100-00

ਪ੍ਰਤੀਕਿਰਿਆ

ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਸਮੇਂ ਆਪ ਜੀ ਵੱਲੋਂ ਪ੍ਰਕਾਸ਼ਤ ਵਰਿਆਮ ਦਾ ਸਚਿੱਤਰ ਵਿਸ਼ੇਸ਼ ਅੰਕ ਨਵੰਬਰ ੨੦੧੦ ਮਿਲਿਆ ਹੈ। ਧੰਨਵਾਦੀ ਹਾਂ। ਇਕੀਵੀਂ ਸਦੀ ਦੀਆਂ ਚਨੌਤੀਆਂ ਸਨਮੁਖ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਸੰਬੰਧੀ ਸਵਰਨ ਸਿੰਘ ਵਿਰਕ ਜੀ ਦਾ ਨਿਬੰਧ ਪ੍ਰਕਾਸ਼ਤ ਕਰਕੇ ਤੁਸੀਂ ਬਹੁਤ ਹੀ ਚੰਗਾ ਕੀਤਾ। ਮਾਂ ਬੋਲੀ ਪੰਜਾਬੀ ਬਾਰੇ ਗੁਰੂ ਜੀ ਦਾ ਪਿਆਰ ਅਤੇ ਇਸ ਦੇ ਪ੍ਰਸਾਰ-ਪ੍ਰਚਾਰ ਲਈ ਉਨ੍ਹਾਂ ਦੇ ਯਤਨਾਂ ਨੂੰ ਕੋਈ ਨਹੀਂ ਭੁਲਾ ਸਕਦਾ। ਸਦਾ ਪੰਜਾਬੀ ਪਹਿਰਾਵੇ ਨੂੰ ਮਹੱਤਵ ਦੇਣਾ ਉਨ੍ਹਾਂ ਦੀ ਕੀਰਤੀ ਦਾ ਇਕ ਹੋਰ ਪ੍ਰਮਾਣ ਹੈ। ਗੁਰਭਜਨ ਗਿੱਲ ਦਾ ਲੇਖ ਵੀ ਗੁਰੂ ਜੀ ਵੱਲੋਂ ਦਿੱਤੀ ਜਾ ਰਹੀ ਸਾਹਿਤਕ ਅਸ਼ੀਰਵਾਦ ਦਾ ਵਿਸਤਰਿਤ ਵਰਨਣ ਕਰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਦੀਆਂ ਅਦਾਰਾ ਵਰਿਆਮ ਅਤੇ ਸਮੂਹ ਨਾਮਧਾਰੀ ਸਿੱਖ ਸਮਾਜ ਨੂੰ ਬਹੁਤ-ਬਹੁਤ ਵਧਾਈ ਅਤੇ ਗੁਰੂ ਜੀ ਦੀ ਲੰਮੀ ਉਮਰ ਲਈ ਪ੍ਰਾਰਥਾਨਾ ਕਰਦਾ ਹਾਂ।

—ਤੇਜਵੰਤ ਮਾਨ (ਡਾ.)

* * *

ਤੁਹਾਡਾ ਪਰਚਾ ਲਗਾਤਾਰ ਮਿਲ ਰਿਹਾ ਹੈ। ਤੁਹਾਡੀ ਮਿਹਨਤ ਤੇ ਸਿਰੜ ਦਾ ਨਤੀਜਾ ਹੈ ਇਹ। ਹਰ ਵਾਰੀ ਪੂਰਾ ਪਰਚਾ ਪੜ੍ਹੀਦਾ ਹੈ। ਬਸ ਐਸ ਵਾਰ ਚਿੱਠੀ ਲਿਖਣ ਨੂੰ ਦਿਲ ਕਰ ਆਇਆ। ਉਮੀਦ ਹੈ ਮੇਰੇ ਦਿਲ ਦੀ ਅਵਾਜ਼ ਨੂੰ ਸਹੀ ਸੰਦਰਭ ਵਿਚ ਸਮਝੋਗੇ। ਪਰਚੇ ਵਿਚ ਭੁਪਿੰਦਰ ਉਸਤਾਦ ਦੀ ਸ਼ੈਲੀ ਹਮੇਸ਼ਾ ਵਾਂਗ ਵਧੀਆ ਹੈ ਭਾਵੇਂ ਕਿ ਕਹਾਣੀ ਦੇ ਪਲਾਟ ਦੇ ਸੱਚ ਨਾਲ ਪੂਰਨ ਸਹਿਮਤ ਨਹੀਂ ਹਾਂ। ਸਵਰਨ ਸਿੰਘ ਵਿਰਕ ਇਤਿਹਾਸ ਦੀ ਵਧੀਆ ਜਾਣਕਾਰੀ ਦੇਂਦੇ ਹਨ ਪਰ ਉਹਨਾਂ ਦਾ ਸੰਚਾਰ ਕਮਜ਼ੋਰ ਹੈ। ਰਾਜਵੰਤ ਕੌਰ ਦੇ ਲੇਖ ਦੀ ਸਮਾਜ ਵਿਚ ਲੋੜ ਤਾਂ ਹੈ ਪਰ ਇਸ ਪਰਚੇ ਦੀ ਲੋੜ ਨਹੀਂ। ਜਿਸ ਸਮਾਜ ਵਿੱਚ ਇਹ ਪਰਚਾ ਜਾਂਦਾ ਹੈ, ਉਹ ਇਹਨਾਂ ਗੱਲਾਂ ਤੋਂ ਪਹਿਲੋਂ ਹੀ ਭਾਲੀ ਭਾਂਤ ਜਾਣੂ ਹੈ। ਸੁਰਿੰਦਰ ਮੰਡ ਵਧੀਆ ਰਿਹਾ।

ਸਭ ਤੋਂ ਵੱਧ ਕਵਿਤਾ, ਗ਼ਜ਼ਲਾਂ ਨੇ ਨਿਰਾਸ਼ ਕੀਤਾ। ਬਾਬਾ ਨਜ਼ਮੀ ਨੂੰ ਛੱਡ ਕਿ ਸਭ 'ਮੁੰਜ ਦੀ ਪੀੜ੍ਹੀ' ਹੀ ਬੁਣੀ ਗਏ। ਰਟੇ ਰਟਾਏ ਮਸਲੇ, ਭਾਸ਼ਾ ਦੀਆਂ ਗਲਤੀਆਂ ਆਦਿ ਇੰਜ ਲਗਦਾ ਸੀ ਕਵਿਤਾ/ਗ਼ਜ਼ਲਾਂ ਵਿੱਚੋਂ ਵੇਗ ਖਤਮ ਹੋ ਗਿਆ ਹੈ। ਬਸ ਲਿਖ ਦਿੱਤਾ। ਇਹ ਭਾਗ ਲੋਕਾਂ ਦਾ ਕਵਿਤਾ ਤੋਂ ਟੁੱਟਣ ਦੇ ਕਾਰਨਾਂ ਦਾ ਪ੍ਰਤੱਖ ਸਬੂਤ ਹੈ। ਉਮੀਦ ਹੈ ਇਸਨੂੰ ਸੁਧਾਰੋਗੇ ਅਤੇ ਇੱਕ ਸਾਲ ਵਿੱਚ ਕਿਸੇ ਵੀ ਕਵੀ ਨੂੰ ਦੂਜੀ ਵਾਰ ਨਾ ਛਾਪੋ। ਚੰਗਾ ਕੀਤਾ ਪਾਤਰ ਨੂੰ ਅਲੰਕਾਰ ਲਾ ਕੇ ਵਧਾਈਆਂ ਦਿੱਤੀਆਂ ਹਨ। ਹੋਰ ਚੰਗਾ ਹੁੰਦਾ ਜੇ ਇਹ ਇਨਾਮ ਪਹਿਲੋਂ, ਅਜਾਇਬ ਚਿਤ੍ਰਕਾਰ, ਡਾ. ਜਗਤਾਰ ਜਾਂ ਕ੍ਰਿਸ਼ਨ ਭਨੋਟ ਨੂੰ ਵੀ ਮਿਲਿਆ ਹੁੰਦਾ। ਬਾਕੀ ਤੁਸੀਂ ਸਿਆਣੇ ਹੋ, ਸਭ ਸਮਝਦੇ ਹੋ। ਕਰਨ ਨੂੰ ਹੋਰ ਗੱਲਾਂ ਵੀ ਹਨ, ਪਰ ਫੇਰ ਕਦੇ....।

—ਜਨਮੇਜਾ ਸਿੰਘ ਜੌਹਲ

* * *

ਜਗਦੀਸ਼ ਸਿੰਘ ਵਰਿਆਮ ਦੀ ਸੰਪਾਦਨਾ ਹੇਠ ਛੱਪਦੇ ਪਰਚੇ ਦਾ ਨਵਾਂ ਅੰਕ (ਨਵੰਬਰ) ਮਹਾਨ ਸ਼ਖਸੀਅਤ ਸਤਿਗੁਰੂ ਜਗਜੀਤ ਸਿੰਘ ਨੂੰ ਸਮਰਪਿਤ ਵਿਸ਼ੇਸ਼ ਅੰਕ ਹੈ। ਚਾਰ ਰੰਗਾਂ ਵਿੱਚ ਆਰਟ ਪੇਪਰ 'ਤੇ ਛਾਪੇ ਸੁੰਦਰ ਅੰਕ ਵਿੱਚ ਨਾਮਧਾਰੀ ਲਹਿਰ ਸਬੰਧੀ ਵਿਸਥਾਰ ਨਾਲ ਲੇਖ ਛਾਪੇ ਗਏ ਹਨ। ਇਸ ਵਿਚ ਲਹਿਰ ਦੇ ਮੋਢੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਭੈਣੀ ਸਾਹਿਬ ਤੇ ਹੋਰ ਨਾਮਧਾਰੀ ਅਸਥਾਨਾਂ ਦੀਆਂ ਗੀਵਿਧੀਆਂ ਬਾਰ੍ਹੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਯਾਦਗਾਰੀ ਅੰਕ ਸਾਂਭਣ ਵਾਲਾ ਹੈ।

—ਪੰਜਾਬੀ ਟ੍ਰਿਬਿਊਨ

੨੧-੧੧-੨੦੧੦

* * *

ਸਿੱਖ ਧਰਮ ਵਿਚ ਵਿਸ਼ੇਸ਼ ਸਥਾਨ ਰਖਦੇ ਨਾਮਧਾਰੀ ਸੰਪਰਦਾਏ ਦਾ ਵਿਸ਼ੇਸ਼ ਸਥਾਨ ਹੈ ਤੇ ਵਰਿਆਮ ਦੀ ਨਾਮਧਾਰੀਆਂ ਵਿਚ ਬੜੀ ਅਲੱਗ ਪਛਾਣ ਹੈ। ਇਹ ਪਰਚਾ ਜਲੰਧਰ ਤੋਂ ਜਗਦੀਸ਼ ਸਿੰਘ ਵਰਿਆਮ ਕੱਢਦੇ ਹਨ ਜਿਨ੍ਹਾਂ ਦਾ ਸੰਪਰਕ ਨੰਬਰ ਹੈ- 0181-2222543, ਇਸ ਪਰਚੇ ਦਾ ਹਥਲਾ ਅੰਕ 'ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ ਹੈ ਜੋ ੧੦੬ ਪੰਨਿਆਂ ਦਾ ਹੈ। ਸਾਰਾ ਪਰਚਾ ਹੀ ਰੰਗਦਾਰ। ਸੰਪਾਦਕੀ ਤੋਂ ਬਾਅਦ ਸਵਰਗੀ ਪ੍ਰੀਤਮ ਸਿੰਘ ਕਵੀ ਦੀਆਂ ਉਨ੍ਹਾਂ ਦੀ ਪੁਸਤਕ 'ਸਿਮਰਨ' ਵਿਚੋਂ ਰੁਬਾਈਆਂ ਛਾਪੀਆਂ ਗਈਆਂ ਹਨ। ਉਦੇ ਸਿੰਘ ਦਾ ਜ਼ਿਕਰ, ਜਗਦੀਸ਼ ਸਿੰਘ ਵੱਲੋਂ ਸਤਿਗੁਰੂ ਜਗਜੀਤ ਸਿੰਘ ਨਾਲ ਸਬੰਧਤ ਇਕ ਘਟਨਾ ਦਾ ਜ਼ਿਕਰ। ਸੁਖਵਿੰਦਰ ਅੰਮ੍ਰਿਤ, ਵਰਿਆਮ ਸਿੰਘ ਸੰਧੂ, ਡਾ. ਜਸਪਾਲ ਸਿੰਘ ਰੰਧਾਵਾ, ਰਣਜੀਤ ਕੌਰ ਜੀਤ, ਗੁਰਦੀਸ਼ ਕੌਰ ਗਰੇਵਾਲ, ਸੁਵਰਨ ਸਿੰਘ ਵਿਰਕ, ਸਤਨਾਮ ਚਾਨਾ, ਰਛਪਾਲ ਸਿੰਘ, ਗੁਰਭਜਨ ਸਿੰਘ ਗਿਲ, ਜੋਗਿੰਦਰ ਸਿੰਘ ਕੰਗ, ਸੰਤ ਸਿੰਘ, ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਸੇਵਾ ਸਿੰਘ ਨਾਮਧਾਰੀ, ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਸੁਲੱਖਣ ਸਿੰਘ ਭਿੰਡਰ, ਇਕਬਾਲ ਸਿੰਘ, ਤਰਲੋਚਨ ਸਿੰਘ ਸਾਬਕਾ ਐਮ. ਪੀ. ਚੂਹੜ ਸਿੰਘ ਬਜੋਂ ਤੇ ਬਲਦੇਵ ਮਾਧੋਪੁਰੀ ਦੀਆਂ ਰਚਨਾਵਾਂ ਇਸ ਅੰਕ ਵਿੱਚ ਛਾਪੀਆਂ ਗਈਆਂ ਹਨ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੋਭਾ-ਪ੍ਰਸੰਸਾ ਨਾਲ ਭਰਪੂਰ ਹਨ।

—ਦੇਸ਼ ਸੇਵਕ

੨੧-੧੧-੨੦੧੦













ਸ੍ਰੀ ਸਤਿਗੁਰੂ ਜੀ ਨੂੰ ਆਪਣੀ ਪੁਸਤਕ ਭੇਟ ਕਰਦੇ ਹੋਏ ਪ੍ਰੋ. ਤਾਰਾ ਸਿੰਘ ਅਨਜਾਣ। ਅਨਜਾਣ ਜੀ ਬਾਰੇ ਲੇਖ ਪੰਨਾ ੩੩ ਤੇ ਪ੍ਰਕਾਸ਼ਿਤ ਹੈ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ੧੭ ਨਵੰਬਰ ੨੦੧੦ ਨੂੰ ਸ੍ਰੀ ਭੈਣੀ ਸਾਹਿਬ ਵਿਚ ਖੁਸ਼ੀਆਂ ਸਾਂਝੀਆਂ ਕਰਦੇ ਹੋਏ, ਸ. ਸਾਧੂ ਸਿੰਘ ਕਿਸਾਨ, ਸ. ਸੁਵਰਨ ਸਿੰਘ ਵਿਰਕ, ਮਾਸਟਰ ਅਮਰੀਕ ਸਿੰਘ, ਸ. ਗੁਰਭੇਜ ਸਿੰਘ ਗੁਰਾਇਆ, ਡਾ. ਵਰਿਆਮ ਸਿੰਘ ਸੰਧੂ ਅਤੇ ਸ. ਦਲੀਪ ਸਿੰਘ ਸ਼ਾਹੀ ਐਡਵੋਕੇਟ।



ਸਵਰਗੀ ਸ਼ਾਇਰ ਕਰਤਾਰ ਸਿੰਘ ਪੰਛੀ ਦੇ ਬਰਸੀ ਸਮਾਗਮ ਮਲੇਰਕੋਟਲਾ ਵਿਖੇ ਸ. ਕਰਤਾਰ ਸਿੰਘ ਪੰਛੀ ਦੀ ਤਸਵੀਰ ਨਾਲ ਪੰਜਾਬੀ ਸਾਹਿਤ ਸਭਾ ਮਲੇਰਕੋਟਲਾ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਦੀਪ, ਪੰਛੀ ਜੀ ਦੇ ਦਾਮਾਦ ਇਕਬਾਲ ਸਿੰਘ ਤੇ ਸਪੁਤਰੀ ਹਰਿੰਦਰ ਕੌਰ ਰਾਣੀ, ਸਵਰਨ ਸਿੰਘ ਅਤੇ ਹੋਰ ਸਜਨ।

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
December 2010

ਅੱਸੂ ਦੇ ਮੇਲੇ ਸ੍ਰੀ ਭੈਣੀ ਸਾਹਿਬ ਦੇ ਦ੍ਰਿਸ਼



ਬਾਲ ਪਾਠੀਆਂ ਦੁਆਰਾ ਲਾਵਾਂ ਦਾ ਉਚਾਰਨ



ਰਾਗੀ ਸਿੰਘਾਂ ਦਾ ਕੀਰਤਨ



ਸਾਮੂਹਿਕ ਅਨੰਦ ਕਾਰਜਾਂ ਦਾ ਦ੍ਰਿਸ਼



ਅਪਾਰ ਸੰਗਤਾਂ ਦਾ ਨਜ਼ਾਰਾ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ: 0181-2222543, ਨਿਵਾਸ: 0181-2456289